MON 24 MAY 2021 | VOLUME: 01 / ISSUE: 178 / PAGES: 04 / PRICE: 5:00 INR
www.worldpunjabinews.com


World Punjabi News Network
WORLD PUNJABI ਪੰਜਾਬੀ | پنجابی NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਸੰਯੁਕਤ ਕਿਸਾਨ ਮੋਰਚੇ ਦੇ ਹੱਕ ’ਚ ਨਿੱਤਰੀਆਂ 12 ਵਿਰੋਧੀ ਪਾਰਟੀਆਂ

## 26 ਮਈ ਨੂੰ ‘ਕਾਲੇ ਦਿਵਸ’ ਵਜੋ ਮਨਾਉਣ ਲਈ ਦਿੱਤੇ ਸੱਦੇ ਦੀ ਹਮਾਇਤ, ਸਰਕਾਰ ਨੂੰ ਕਿਸਾਨ ਯੂਨੀਅਨਾਂ ਨਾਲ ਮੁੜ ਗੱਲਬਾਤ ਸ਼ੁਰੂ ਕਰਨ ਦੀ ਅਪੀਲ



**ਨਵੀਂ ਦਿੱਲੀ।** ਦੇਸ਼ ਦੀਆਂ 12 ਵਿਰੋਧੀ ਪਾਰਟੀਆਂ ਨੇ ਅੱਜ ਇਕ ਸਾਂਝਾ ਬਿਆਨ ਜਾਰੀ ਕਰ ਕੇ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਡਟੀਆਂ ਕਿਸਾਨ ਯੂਨੀਅਨਾਂ ਵੱਲੋਂ 26 ਮਈ ਨੂੰ ‘ਕਾਲੇ ਦਿਵਸ’ ਵਜੋਂ ਮਨਾਉਣ ਦੇ ਦਿੱਤੇ ਸੱਦੇ ਦੀ ਹਮਾਇਤ ਦਾ ਐਲਾਨ ਕੀਤਾ ਹੈ। ਇਸ ਬਿਆਨ ’ਤੇ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਐੱਚ.ਡੀ.ਦੇਵੇਗੌੜਾ, ਸ਼ਰਦ ਪਵਾਰ, ਮਮਤਾ ਬੈਨਰਜੀ, ਊਧਵ ਠਾਕਰੇ, ਐੱਮ.ਕੇ.ਸਟਾਲਿਨ, ਹੇਮੰਤ ਸੋਰੇਨ, ਫ਼ਾਰੂਕ ਅਬਦੁੱਲਾ, ਅਖਿਲੇਸ਼ ਯਾਦਵ, ਤੇਜਸਵੀ ਯਾਦਵ, ਡੀ.ਰਾਜਾ ਤੇ ਸੀਤਾਰਾਮ ਯੇਚੁਰੀ ਨੇ ਸਹੀ ਪਾਈ ਹੈ। ਸਾਂਝੇ ਬਿਆਨ ਵਿੱਚ ਵਿਰੋਧੀ ਪਾਰਟੀਆਂ ਨੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਫੌਰੀ ਰੱਦ ਕਰਨ ਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਫ਼ਸਲਾਂ ਦੀ ਖਰੀਦ ਲਈ ਐੱਮਐੱਸਪੀ ਨਿਰਧਾਰਿਤ ਕੀਤੇ ਜਾਣ ਦੀ ਮੰਗ ਕੀਤੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਸਰਕਾਰ ਆਪਣੀ ਜ਼ਿਦ ਛੱਡ ਕੇ ਫੌਰੀ ਸੰਯੁਕਤ ਕਿਸਾਨ ਮੋਰਚੇ ਨਾਲ ਗੱਲਬਾਤ ਮੁੜ ਸ਼ੁਰੂ ਕਰੇ। ਦੱਸਣਾ ਬਣਦਾ ਹੈ ਕਿ 26 ਮਈ ਨੂੰ ਕਿਸਾਨ ਯੂਨੀਅਨਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਦਿੱਲੀ ਦੀਆਂ ਬਰੂਹਾਂ ’ਤੇ ਵਿੱਢੇ ਸੰਘਰਸ਼ ਨੂੰ 6 ਮਹੀਨੇ ਪੂਰੇ ਹੋ ਜਾਣਗੇ ਤੇ ਇਸੇ ਦਿਨ ਕੇਂਦਰ ਦੀ ਮੋਦੀ ਸਰਕਾਰ ਦੇ ਕਾਰਜਕਾਲ ਦੇ ਸੱਤ ਸਾਲ ਵੀ ਪੂਰੇ ਹੋ ਰਹੇ ਹਨ। ਮੋਰਚੇ ਵੱਲੋਂ ਦਿੱਤੇ ਸੱਦੇ ਤਹਿਤ ਲੋਕ ਆਪੋ ਆਪਣੇ ਘਰਾਂ ਜਦੋਂਕਿ ਕਿਸਾਨ ਆਪਣੇ ਖੇਤੀ ਸੰਦਾਂ ’ਤੇ ਕਾਲੇ ਝੰਡੇ ਲਾਉਣਗੇ। ਪਿੰਡਾਂ ਵਿੱਚ ਧਰਨੇ ਪ੍ਰਦਰਸ਼ਨ ਤੋਂ ਇਲਾਵਾ ਮੋਦੀ ਸਰਕਾਰ ਦੇ ਪੁਤਲੇ ਵੀ ਫੂਕੇ ਜਾਣਗੇ।

# ਕਿਸਾਨਾਂ ਤੇ ਮਜ਼ਦੂਰਾਂ ਨੂੰ ਸਿਆਸੀ ਚਾਲਾਂ ਤੋਂ ਸੁਚੇਤ ਰਹਿਣ ਦਾ ਸੱਦਾ

**ਚੰਡੀਗੜ੍ਹ।** ਪੰਜਾਬ ਵਿੱਚ ਪਿਛਲੇ ਸਾਢੇ ਸੱਤ ਮਹੀਨਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੇ ਕਿਸਾਨ ਮੋਰਚਿਆਂ ਤੋਂ ਕਿਸਾਨਾਂ ਤੇ ਮਜ਼ਦੂਰਾਂ ਨੂੰ ਸਿਆਸੀ ਪਾਰਟੀਆਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੰਦਿਆਂ ਬੁਲਾਰਿਆਂ ਨੇ ਕਿਹਾ ਕਿ ਸਿਆਸੀ ਧਿਰਾਂ ਕਰੋਨਾ ਦੇ ਨਾਮ ਹੇਠ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੇ ਰਾਹ ਤੁਰੀਆਂ ਹੋਈਆਂ ਹਨ। ਸਟੇਜਾਂ ਤੋਂ ਪੰਜਾਬ ਤੇ ਹਰਿਆਣਾ ਦੇ ਉਨ੍ਹਾਂ ਸਿਆਸੀ ਆਗੂਆਂ ਦੇ ਬਿਆਨਾਂ ਦੀ ਨਿਖੇਧੀ ਕੀਤੀ ਗਈ, ਜਿਨ੍ਹਾਂ ਨੇ ਪਿੰਡਾਂ ’ਚ ਕਰੋਨਾ ਮਹਾਮਾਰੀ ਦੇ ਫੈਲਾਅ ਲਈ ਦਿੱਲੀ ’ਚ ਸੰਘਰਸ਼ ਕਰ ਰਹੇ ਕਿਸਾਨਾਂ ਸਿਰ ਦੋਸ਼ ਮੜ੍ਹੇ ਹਨ। ਬੁਲਾਰਿਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਦੀ ਗੂੰਜ ਵਿਸ਼ਵ ਪੱਧਰ ’ਤੇ ਪੈਣ ਕਾਰਨ ਕੁਝ ਸਿਆਸੀ ਪਾਰਟੀਆਂ ਨੇ ਕਿਸਾਨ ਜਥੇਬੰਦੀਆਂ ਨੂੰ ਬਦਨਾਮ ਕਰਨ, ਪੰਜਾਬ ਦਾ ਮਾਹੌਲ ਖ਼ਰਾਬ ਕਰਨ ਅਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਨ੍ਹਾਂ ਤੋਂ ਸੁਚੇਤ ਰਹਿਣ ਅਤੇ ਪੰਜਾਬ ਵਿੱਚ ਅਮਨ ਸ਼ਾਂਤੀ ਅਤੇ ਭਾਈਚਾਰਾ ਬਣਾਈ ਰੱਖਣ ਦੀ ਲੋੜ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਕਾਰਨ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਤਾਂ ਕਿਸਾਨਾਂ ’ਤੇ ਕਰੋਨਾ ਦੇ ਫੈਲਾਅ ਬਾਰੇ ਬੇਬੁਨਿਆਦ ਦੋਸ਼ ਲਗਾ ਹੀ ਰਹੇ ਸਨ, ਹੁਣ ਪੰਜਾਬ ਦੇ ਦਿਹਾਤੀ ਵਿਕਾਸ ਤੇ ਪੰਚ-ਾਇਤ ਵਿਭਾਗ ਦੇ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਵੀ ਭਾਜਪਾ ਆਗੂਆਂ ਦੇ ਬਿਆਨਾਂ ਨਾਲ ਮੇਲ ਖਾਂਦਾ ਬਿਆਨ ਦਿੱਤਾ ਹੈ, ਜਿਸ ਦੀ ਉਹ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇ ਸਿਆਸੀ ਆਗੂਆਂ ਨੂੰ ਐਨਾ ਹੀ ਫਿਕਰ ਹੈ ਤਾਂ ਕਿਸਾਨਾਂ ਲਈ ਸਿਹਤ ਸਹੂਲਤਾਂ ਦਾ ਪ੍ਰਬੰਧ ਕਰਨ। ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਮੋਰਚਿਆਂ ਤੋਂ ਆਉਂਦੇ ਕਿਸਾਨ ਕਰੋਨਾ ਟੈਸਟ ਜ਼ਰੂਰ ਕਰਵਾਉਣ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ 26 ਮਈ ਨੂੰ ਕਿਸਾਨ ਅੰਦੋਲਨ ਦੇ 6 ਮਹੀਨੇ ਪੂਰੇ ਹੋਣ ’ਤੇ ਮਨਾਏ ਜਾ ਰਹੇ ਕਾਲੇ ਦਿਨ ਲਈ ਭਰਾਤਰੀ ਜਥੇਬੰਦੀਆਂ ਵੱਲੋਂ ਹਮਾਇਤ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 26 ਮਈ ਨੂੰ ਪੰਜਾਬ ਤੋਂ ਦਿੱਲੀ ਦੇ ਕਿਸਾਨ ਮੋਰਚਿਆਂ ਲਈ ਸੈਂਕੜੇ ਜਥੇ ਰਵਾਨਾ ਹੋਣਗੇ।



ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ’ਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੇ ਪੱਕੇ ਧਰਨੇ 234ਵੇਂ ਦਿਨ ਵੀ ਜਾਰੀ ਰਹੇ। ਧਰਨਿਆਂ ਵਿੱਚ ਜਲ, ਜੰਗਲ, ਜ਼ਮੀਨ ਅਤੇ ਵਾਤਾਵਰਨ ਦੀ ਰਾਖੀ ਲਈ ਤਾਉਮਰ ਜੂਝਣ ਵਾਲੇ ਸੁੰਦਰ ਲਾਲ ਬਹੁਗਣਾ ਦੇ ਵਿਛੋੜੇ ਨੂੰ ਮਨੁੱਖਤਾ ਲਈ ਵੱਡੇ ਘਾਟੇ ਵਜੋਂ ਚਿਤਵਿਆ ਗਿਆ। ਗ਼ਦਰ ਲਹਿਰ ਦੇ ਬਾਬਾ ਭਗਤ ਸਿੰਘ ਬਿਲਗਾ ਨੂੰ ਬਰਸੀ ਮੌਕੇ ਯਾਦ ਕੀਤਾ ਗਿਆ। ਕਿਸਾਨ ਆਗੂਆਂ ਨੇ ਦੱਸਿਆ ਕਿ ਭਲਕੇ 23 ਮਈ ਨੂੰ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਨੂੰ ਪੰਜਾਬ ਅਤੇ ਦਿੱਲੀ ਦੇ ਕਿਸਾਨ ਮੋਰਚਿਆਂ ਵਿੱਚ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।

# ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਬਾਰੇ ਫੈਸਲਾ 1 ਜੂਨ ਨੂੰ, ਕੇਂਦਰ ਨੇ ਰਾਜਾਂ ਦੇ ਯੂਟੀਜ਼ ਤੋਂ 25 ਮਈ ਤੱਕ ਸੁਝਾਅ ਮੰਗੇ

**ਨਵੀਂ ਦਿੱਲੀ।** ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੂੰ ਮੋਬਾਈਲ ਫੋਨ ਰਾਹੀਂ ਜਾਨ ਤੋਂ ਮਾਰਨ ਦੀ ਧਮਕੀ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਵੀ ਬੀਕੇਯੂ ਨੇਤਾ ਰਾਕੇਸ਼ ਟਿਕੈਤ ਨੂੰ ਕਈ ਵਾਰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਜਾ ਚੁੱਕੀ ਹੈ। ਇਸ ਸਬੰਧੀ ਗਾਜ਼ੀਆਬਾਦ ਪੁਲੀਸ ਕੋਲ ਕੇਸ ਦਰਜ ਹੈ। ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਨੂੰ ਮੋਬਾਈਲ ਫੋਨ ’ਤੇ ਧਮਕੀਆਂ ਮਿਲੀਆਂ ਹਨ। ਚਾਰ ਮੋਬਾਈਲ ਨੰਬਰਾਂ ਅਤੇ ਵਟਸਐਪ ’ਤੇ ਅਸ਼ਲੀਲ ਮੈਸੇਜ ਭੇਜੇ ਜਾ ਰਹੇ ਹਨ। ਇਸ ਨਾਲ ਟਿਕੈਤ ਤੋਂ 11 ਹਜ਼ਾਰ ਰੁਪਏ ਵੀ ਮੰਗੇ ਜਾ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦੇ ਸੰਗਠਨ ਜ਼ਿਲ੍ਹਾ ਇੰਚਾਰਜ ਜੈ ਕੁਮਾਰ ਵੱਲੋਂ ਰਾਕੇਸ਼ ਟਿਕੈਤ ਨੂੰ ਦਿੱਤੀ ਜਾ ਰਹੀ ਧਮਕੀ ਬਾਰੇ ਗਾਜ਼ੀਆਬਾਦ ਦੇ ਕੌਸ਼ਾਂਬੀ ਥਾਣੇ ਵਿੱਚ ਸ਼ਿਕਾਇਤ ਦਿੱਤੀ ਗਈ ਹੈ। ਗਾਜ਼ੀਆਬਾਦ ਦੇ ਐੱਸ.ਪੀ. (ਸਿਟੀ) ਗਿਆਨੇਂਦਰ ਸਿੰਘ ਨੇ ਦੱਸਿਆ ਕਿ ਇੱਕ ਰਿਪੋਰਟ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ’ਤੇ ਨਿਗਰਾਨ ਟੀਮ ਵੀ ਆਪਣਾ ਕੰਮ ਕਰ ਰਹੀ ਹੈ। ਇਸ ਤੋਂ ਪਹਿਲਾਂ ਕਿਸਾਨ ਆਗੂ ਰਾਕੇਸ਼ ਟਿਕੈਤ ਨੂੰ ਦੋ ਵਾਰ ਫੋਨ ’ਤੇ ਧਮਕੀਆਂ ਮਿਲੀਆਂ ਹਨ। ਪਹਿਲੀ ਵਾਰ ਧਮਕੀ ਦੇਣ ਵਾਲੇ ਨੂੰ ਬਿਹਾਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਕਿ ਦੂਜੀ ਵਾਰ ਧਮਕੀ ਦੇਣ ਵਾਲਾ ਅਜੇ ਵੀ ਪੁਲੀਸ ਦੀ ਪਕੜ ਤੋਂ ਦੂਰ ਹੈ। ਇਹ ਤੀਸਰਾ ਮਾਮਲਾ ਹੈ ਜਦੋਂ ਰਾਕੇਸ਼ ਟਿਕੈਤ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ।



OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI | NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਅਦ੍ਰਿਸ਼ ਅਤੇ ਬਹਿਰੂਪੀਆ ਦੁਸ਼ਮਣ?



ਦੁਸ਼ਮਣ ਅਦ੍ਰਿਸ਼ ਨਹੀਂ ਹੈ, ਜੇਕਰ ਇਸ ਦਾ ਮਤਲਬ ਕਰੋਨਾ ਵਾਇਰਸ ਤੋਂ ਹੈ। ਇਸ ਦਾ ਨਿਸ਼ਚਿਤ ਰੂਪ-ਆਕਾਰ ਹੈ। ਉਹ ਰੂਪ ਜੋ ਅੱਜ ਬੱਚੇ ਬੱਚੇ ਨੂੰ ਪਤਾ ਹੈ। ਉਹ ਦੁਸ਼ਮਣ ਜੋ ਸਾਰਾ ਦਿਨ ਟੀਵੀ ਦੀ ਸਕਰੀਨ ਤੇ ਦਿਸਦਾ ਹੈ ਤੇ ਹਰ ਅਖ਼ਬਾਰ ਦੇ ਪਹਿਲੇ ਪੰਨੇ ਤੇ ਉਸ ਦੀ ਤਸਵੀਰ ਛਪਦੀ ਹੈ। ਇਹ ਗੱਲ ਹੋਰ ਹੈ ਕਿ ਅਸੀਂ ਇਨਕਾਰੀ ਹੋਈਏ? ਪਛਾਣੀਏ ਹੀ ਨਾ। ਉਸ ਦੀ ਹੋਂਦ ਨੂੰ ਮੰਨੀਏ ਹੀ ਨਾ। ਬਹਿਰੂਪੀਆ ਵੀ ਨਹੀਂ ਹੈ ਜਿਸ ਤਰਜ਼ ਤੇ ਇਸ ਨੂੰ ਕਿਹਾ ਜਾ ਰਿਹਾ ਹੈ।

ਸਭ ਕੁਝ ਸਪਸ਼ਟ ਹੋਣ ਦੇ ਬਾਵਜੂਦ ਇਸ ਦੇ ਫੈਲਣ ਅਤੇ ਲੱਛਣਾਂ ਦੇ ਮਹਿਸੂਸ ਕੀਤੇ ਜਾਣ ਤੋਂ ਬਾਅਦ ਵੀ, ਇਹ ਅਦ੍ਰਿਸ਼ ਹੋਣ ਵਾਲੀ ਕਹਾਣੀ ਕਿਉਂ ਰਚੀ ਜਾਂਦੀ ਹੈ? ਇਸ ਪਿੱਛੇ ਬਿਲਕੁੱਲ ਸਪਸ਼ੱਟ ਮਾਨਸਿਕਤਾ ਹੈ; ਮਤਲਬ ਲੋਕਾਂ ਤੋਂ ਲੁਕੋ ਰਖਿਆ ਜਾਣਾ। ਸਾਹਮਣੇ ਵਾਲੇ ਸ਼ਖ਼ਸ ਮੁਤਾਬਕ ਉਸ ਨੂੰ ਗੱਲ ਦਸਣਾ ਤੇ ਸਭ ਤੱਕ ਸਾਂਝੀ ਸਮਝ ਨਾ ਪਹੁੰਚਾਉਣਾ। ਇਸ ਤਰ੍ਹਾਂ 'ਅਦ੍ਰਿਸ਼' ਕਹਿ ਕੇ ਭੰਬਲਭੂਸਾ ਸਿਰਜਿਆ ਜਾਂਦਾ ਹੈ ਜੋ ਕਰੋਨਾ ਦੇ ਪ੍ਰਸੰਗ ਵਿਚ ਅਸੀਂ ਲਗਾਤਾਰ ਦੇਖ ਰਹੇ ਹਾਂ। ਇਸੇ ਦਾ ਨਤੀਜਾ ਹੈ ਕਿ ਦੇਸ਼ ਵਿਚ ਦੋ ਵਰਗ ਸਾਫ਼ ਦਿਸਦੇ ਹਨ। ਇੱਕ ਕਹਿ ਰਿਹਾ ਹੈ ਕੋਈ ਕਰੋਨਾ-ਕਰੂਨਾ ਨਹੀਂ ਹੈ, ਇਹ ਡਰਾਮਾ ਹੈ ਤੇ ਦੂਸਰਾ ਏਨਾ ਜ਼ਿਆਦਾ ਡਰਿਆ ਹੈ ਕਿ ਘਰੇ ਹੀ ਸੁਰਖਿਅਤ ਸਮਝਦਾ ਹੈ। ਸਾਡੇ ਦੇਸ਼ ਕੋਲ ਧਰਮ ਦੀ ਸੰਸਥਾ ਦਾ ਜੋ ਮਾਡਲ ਹੈ, ਸਵਰਗ-ਨਰਕ ਦਾ ਜੋ ਚੱਕਰ ਹੈ, ਅਦ੍ਰਿਸ਼ ਤਾਕਤ ਦੀ ਗੱਲ ਹੈ। ਇਹ ਕਾਫ਼ੀ ਸਾਰੀਆਂ ਉਲਝਣਾਂ ਤੋਂ ਬਚਾਉਣ ਦੀ ਕਾਰਗਰ ਵਿਆਖਿਆ ਹੈ। ਉਹੀ ਤਰਜ਼ ਹੁਣ ਵਰਤੀ ਜਾ ਰਹੀ ਹੈ ਜਿਸ ਦੀ ਸਾਨੂੰ ਸਿਖਲਾਈ ਮਿਲੀ ਹੈ।

ਅਦ੍ਰਿਸ਼ ਕਹਿਣ ਨਾਲ ਕਿਸੇ ਵੀ ਸਥਿਤੀ ਨੂੰ ਲੈ ਕੇ ਉਠ ਰਹੇ ਅਨੇਕਾਂ ਸਵਾਲਾਂ ਤੋਂ ਬਚਿਆ ਜਾ ਸਕਦਾ ਹੈ। ਇਸ ਨਾਲ ਇੱਕ ਪੱਖ ਇਹ ਵੀ ਸਾਹ-ਮਣੇ ਆਉਂਦਾ ਹੈ ਕਿ ਸਾਨੂੰ ਤਾਂ ਪਤਾ ਹੀ ਨਹੀਂ, ਹੈ ਕੌਣ, ਕਿਹੋ ਜਾ ਹੈ, ਕੀ ਸੁਭਾਅ ਹੈ; ਮਤਲਬ ਫਿਰ ਇਸ ਦਾ ਕੀ ਕਰੀਏ? ਨਜਿੱਠੀਏ ਕਿਵੇਂ? ਸਭ ਕੁਝ ਰਾਮ ਭਰੋਸੇ। ਆਪਣੇ ਆਪ ਤੇ ਕਿਸੇ ਵੀ ਤਰ੍ਹਾਂ ਦੇ ਜ਼ਿੰਮੇਵਾਰੀ ਦੇ ਅਹਿਸਾਸ ਤੋਂ, ਬੁਰੇ ਪ੍ਰਬੰਧ ਦੀ ਜਵਾਬਦੇਹੀ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਅਜਿਹੇ ਢੰਗ-ਤਰੀਕੇ ਅਪਣਾਏ ਜਾਂਦੇ ਹਨ। ਇਹ ਬਚਾਉ-ਤਕਨੀਕ ਹੈ। ਸੱਤਾ ਇਸ ਤਰ੍ਹਾਂ ਕਰਦੀ ਹੈ। ਕੁਝ ਲੋਕ ਜ਼ਰੂਰ ਸਵਾਲ ਖੜ੍ਹੇ ਕਰਦੇ ਹਨ। ਵੈਸੇ ਤਾਂ ਅਸਪਸ਼ਟਤਾ ਦਾ ਮਾਹੌਲ ਪਿਛਲੇ ਸਾਲ ਤੋਂ ਹੀ ਬਣਾ ਕੇ ਰਖਿਆ ਹੋਇਆ ਹੈ; ਕਹਿਣ ਤੋਂ ਭਾਵ ਕਰੋਨਾ ਦੁਸ਼ਮਣ ਨੂੰ ਸਮਝਣ ਲਈ ਕਦੇ ਵੀ ਵਿਗਿਆਨਕ ਸੋਚ ਦਾ ਸਹਾਰਾ, ਸੰਜੀਦਗੀ ਨਾਲ ਨਹੀਂ ਲਿਆ ਗਿਆ। ਅਠਾਰਾਂ ਦਿਨਾਂ ਵਿਚ ਜੰਗ ਜਿੱਤਣ ਦਾ ਦਾਅਵਾ, ਡੇਢ ਸਾਲ ਤਕ ਲਮਕ ਗਿਆ ਹੈ ਤੇ ਅਜੇ ਵੀ ਛੇਤੀ ਕਿਤੇ ਇਸ ਦਾ ਨਤੀਜਾ ਆਉਂਦਾ ਨਜ਼ਰ ਨਹੀਂ ਆ ਰਿਹਾ। ਤਾਲੀ-ਥਾਲੀ, ਨੌਂ ਦੇ ਅੰਕ ਦਾ ਸਹਾਰਾ ਲਿਆ, ਗੋਬਰ ਅਤੇ ਗੌ-ਮੂਤਰ ਪਾਰਟੀ ਅੱਜ ਵੀ ਹੁੰਦੀ ਦੇਖੀ ਜਾ ਸਕਦੀ ਹੈ। ਇਹ ਸਭ ਭੰਬਲਭੂਸਾ ਇਸੇ ਲਈ ਹੈ ਕਿ ਦੇਸ਼ ਕੋਲ ਕੋਈ ਸਪਸ਼ਟ ਦਿਸ਼ਾ ਨਿਰਦੇਸ਼ ਨਹੀਂ ਹਨ ਕਿ ਕੀ ਕਰਨਾ ਹੈ, ਕੀ ਨਹੀਂ ਕੀਤਾ ਜਾਣਾ ਚਾਹੀਦਾ। ਗੰਗਾ ਮਾਂ ਦੀ ਦਇਆ ਦ੍ਰਿਸ਼ਟੀ ਤੋਂ ਲੈ ਕੇ ਆਯੁਰਵੈਦ ਅਤੇ ਹੋਮਿਓਪੈਥੀ ਨੇ ਬਿਨਾਂ ਕਿਸੇ ਪਰਖ ਪੜਤਾਲ ਤੋਂ ਤੀਰ ਤੁੱਕੇ ਨਾਲ ਆਪਣੀ ਥਾਂ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਅਜਿਹੀ ਆਫਤ ਵਿਚ ਅਜਿਹਾ ਹੁੰਦਾ ਹੀ ਹੈ, ਜਦੋਂ ਹਰ ਇਕ ਦੇ ਮਨ ਵਿਚ ਸ਼ੱਕ ਪਾ ਦਿੱਤਾ ਜਾਵੇ ਕਿ ਕਰੋਨਾ ਮਤਲਬ ਮੌਤ ਹੈ।

ਵਿਗਿਆਨਕ ਸੂਝ ਹੀ ਹੈ ਜਿਸ ਤਕਨੀਕ ਨਾਲ ਅਸੀਂ ਦੁਸ਼ਮਣ ਨੂੰ ਪਛਾਣ ਸਕੇ ਤੇ ਨਤੀਜੇ ਵਜੋਂ ਵੈਕਸੀਨ ਬਣਾਉਣ ਵਿਚ ਜੁਟ ਗਏ। ਸਭ ਕੁਝ ਸਾਹਮਣੇ ਹੈ ਤੇ ਫਿਰ ਵੀ ਦੁਸ਼ਮਣ ਨੂੰ ਅਦ੍ਰਿਸ਼ ਕਿਹਾ ਜਾ ਰਿਹਾ ਹੈ। ਸਰਕਾਰਾਂ ਨੂੰ ਅਜਿਹੇ ਹਾਲਾਤ ਵਿਚ ਕੁਝ ਕਰਦੇ ਹੋਏ ਦਿਸਣਾ ਪੈਂਦਾ ਹੈ। ਪਿਛਲੇ ਸਾਲ ਦੇ ਸ਼ੁਰੂਆਤੀ ਦਿਨਾਂ ਵਿਚ ਹੀ ਤਿੰਨ ਮੈਂਬਰੀ ਉੱਚ ਕਮੇਟੀ ਬਣਾਈ ਜਿਸ ਵਿਚ ਵਿਗਿਆਨੀ ਮਾਹਿਰ ਕੇ ਵਿਜੇ ਰਾਘਵਨ, ਨੀਤੀ ਆਯੋਗ ਦੇ ਮੈਂਬਰ, ਵੀਕੇ ਪਾਲ ਅਤੇ ਆਈਸੀਐਮਆਰ ਦੇ ਡਾਇਰੈਕਟਰ ਬਲਰਾਮ ਭਾਰਗਵ ਸ਼ਾਮਿਲ ਸਨ। ਪ੍ਰਧਾਨ ਮੰਤਰੀ ਨੂੰ ਸੰਬੋਧਿਤ ਹੋਣ ਤੋਂ ਪਹਿਲਾਂ ਇਨ੍ਹਾਂ ਕਮੇਟੀ ਮੈਂਬਰਾਂ ਤੋਂ ਸਵਾਲ ਪੁੱਛਣੇ ਜ਼ਰੂਰੀ ਹਨ ਜੋ ਹਰ ਆਦਮੀ ਦੇ ਜ਼ਿਹਨ ਵਿਚ ਹਨ ਕਿ ਇਹ ਜੋ ਹਾਲਤ ਨਜ਼ਰ ਆ ਰਹੀ ਹੈ, ਉਹ ਕਿਵੇਂ ਬਣ ਗਈ? ਕੀ ਮਾਹਿਰਾਂ ਦਾ ਮੱਤ ਵੀ ਇਹੀ ਹੈ ਕਿ ਦੁਸ਼ਮਣ ਅਦ੍ਰਿਸ਼ ਹੈ, ਸਾਨੂੰ ਉਸ ਬਾਰੇ ਨਹੀਂ ਪਤਾ?

ਇਸ ਦੇ ਬਾਵਜੂਦ ਕੁਝ ਸਵਾਲ ਤਾਂ ਮਹੱਤਵਪੂਰਨ ਹਨ ਜਿਨ੍ਹਾਂ ਦਾ ਜ਼ਿਕਰ ਅਜੇ ਵੀ ਜ਼ਰੂਰੀ ਹੈ ਕਿਉਂ ਜੋ ਅਫਤ ਮੁੱਕੀ ਨਹੀਂ ਹੈ। ਦੁਸ਼ਮਣ ਕਿਤੇ ਗਿਆ ਨਹੀਂ ਹੈ। ਇਸ ਤੋਂ ਬਾਅਦ ਤੀਸਰੀ, ਚੌਥੀ ਲਹਿਰ ਆਉਣ ਦੇ ਖ਼ਦਸ਼ੇ ਵੀ ਜਤਾਏ ਜਾ ਰਹੇ ਹਨ।

ਪਹਿਲਾ ਅਹਿਮ ਸਵਾਲ ਹੈ ਕਿ ਦੂਸਰੀ ਲਹਿਰ ਬਾਰੇ ਪਤਾ ਨਹੀਂ ਸੀ ਕਿ ਇਹ ਆਵੇਗੀ ਏਨੀ ਤੇਜ਼ੀ ਨਾਲ ਤੇ ਪਹਿਲੀ ਨਾਲੋਂ ਵੱਧ ਘਾਤਕ ਹੋ ਸਕਦੀ ਹੈ। ਇਹ ਦੂਰਦਰਸ਼ਿਤਾ ਇਨ੍ਹਾਂ ਮਾਹਿਰਾਂ ਕੋਲ ਵੀ ਨਹੀਂ ਸੀ ਜਾਂ ਇਨ੍ਹਾਂ ਨੂੰ ਪਤਾ ਸੀ ਤੇ ਇਨ੍ਹਾਂ ਨੇ ਸਰਕਾਰ ਨੂੰ ਚਿਤਾਵਨੀ ਨਹੀਂ ਦਿੱਤੀ। ਕੋਈ ਦਿਸ਼ਾ ਨਿਰਦੇਸ਼ ਨਹੀਂ ਸੁਣਾਏ ਤੇ ਤਿਆਰੀ ਲਈ ਅਗਾਹ ਨਹੀਂ ਕੀਤਾ। ਜੇ ਉਹ ਕਹਿੰਦੇ ਹਨ ਕਿ ਅਸੀਂ ਤਾਂ ਸਮੇਂ ਸਮੇਂ ਕਹਿੰਦੇ ਰਹੇ ਪਰ ਸਾਡੀ ਸੁਣੀ ਨਹੀਂ ਗਈ। ਜੇਕਰ ਇਸ ਤਰ੍ਹਾਂ ਸੀ ਤਾਂ ਕੀ ਲੋਕਾਂ ਨੂੰ ਦੱਸਣਾ ਜ਼ਰੂਰੀ ਨਹੀਂ ਸੀ? 'ਵਾਇਰ' ਦੇ ਸੰਪਾਦਕੀ ਮੰਡਲ ਨੇ ਕਿਹਾ ਹੈ ਕਿ ਇਨ੍ਹਾਂ ਨੂੰ ਮਿਲਣ ਤੇ ਹਾਲਾਤ ਦਾ ਜਾਇਜ਼ਾ ਲੈਣ ਲਈ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਵੀ ਸਾਹਮਣੇ ਨਹੀਂ ਆਇਆ।

ਦੂਸਰਾ ਸਵਾਲ ਵੈਕਸੀਨ ਨੂੰ ਲੈ ਕੇ ਹੈ। ਅਸੀਂ ਸ਼ੁਰੂ ਤੋਂ ਵੀ ਪ੍ਰਚਾਰਦੇ ਰਹੇ ਕਿ ਵੈਕਸੀਨ ਹੀ ਕਾਰਗਰ ਹਥਿਆਰ ਹੈ। ਜਦੋਂ ਤਕ ਇਹ ਨਹੀਂ ਆਉਂਦੀ, ਤੁਸੀਂ ਇਹਤਿਆਤ ਵਰਤੋਂ। ਇਹ ਚਲ ਰਿਹਾ ਸੀ ਤੇ ਮਈ/ਜੂਨ 2020 ਵਿਚ ਫਾਈਜ਼ਰ, ਮੋਡਰੇਨਾ ਨੇ ਆਪਣੀ ਵੈਕਸੀਨ ਦੇ ਸਫ਼ਲ ਪ੍ਰੀਖਣ ਦਾ ਐਲਾਨ ਵੀ ਕੀਤਾ। ਭਾਰਤ ਵੀ ਇਸੇ ਰਾਹ ਤੇ ਸੀ। ਜਿਥੇ ਯੂਰੋਪ ਅਤੇ ਅਮਰੀਕਾ ਇਨ੍ਹਾਂ ਕੰਪਨੀਆਂ ਨੂੰ ਖੋਜ ਲਈ ਮਦਦ ਕਰ ਰਹੇ ਸਨ ਤੇ ਆਪਣੇ ਆਰਡਰ ਵੀ ਦੇ ਰਹੇ ਸਨ; ਫਿਰ ਸਾਡੇ ਮਾਹਿਰਾਂ ਨੇ ਕਿਉਂ ਨਹੀਂ ਕਿਹਾ ਕਿ ਦੇਸ਼ ਨੂੰ 75 ਫੀਸਦੀ ਤਕ ਕਵਰ ਕਰਨ ਲਈ 2 ਅਰਬ ਖੁਰਾਕਾਂ ਦੀ ਲੋੜ ਪਵੇਗੀ। ਅਸੀਂ ਕਿਸੇ ਤਰ੍ਹਾਂ ਦਾ ਕੋਈ ਆਰਡਰ ਨਹੀਂ ਦਿੱਤਾ। ਅੱਜ ਅਫਰਾ-ਤਫਰੀ ਦੀ ਹਾਲਤ ਹੈ, ਜਦੋਂ ਕਿ ਵੈਕਸੀਨ ਲਗਾਉਣ ਦੀ ਕੋਈ ਕਾਰਗਰ ਵਿਉਂਤਬੰਦੀ ਨਹੀਂ ਹੈ। ਕੋਈ 'ਵੈਕਸੀਨ ਦੇਣ ਦਾ ਮੈਪ' ਨਹੀਂ ਹੈ ਕਿ ਕਿੰਨੀ ਵੈਕਸੀਨ ਹਰ ਰੋਜ਼ ਬਣ ਰਹੀ ਹੈ ਜਾਂ ਅਸੀਂ ਮੰਗਵਾ ਰਹੇ ਹਾਂ ਤੇ ਇਹ ਪਹਿਲ ਦੇ ਆਧਾਰ ਤੇ ਕਿਵੇਂ ਤੇ ਕਿਸ ਨੂੰ ਦੇਣੀ ਹੈ। ਇਹ ਬਦਹਾਲੀ ਵਾਲੀ ਹਾਲਤ ਹੈ ਤੇ ਅਸੀਂ ਸਭ ਲਈ ਵੈਕਸੀਨ ਖੋਲ੍ਹ ਦਿੱਤੀ ਹੈ ਤੇ ਇਸ ਨੂੰ ਰਾਜਾਂ ਦੇ ਹਵਾਲੇ ਕਰ ਦਿੱਤਾ ਹੈ ਤੇ ਵੈਕਸੀਨ ਦੇ ਮੁੱਲ ਨੂੰ ਲੈ ਕੇ ਵੀ ਆਲੋਚਨਾ ਹੋ ਰਹੀ ਹੈ।

ਇਸੇ ਤਰ੍ਹਾਂ ਹੀ ਆਕਸੀਜਨ, ਦਵਾਈਆਂ ਦੀ ਗੱਲ ਹੈ ਤੇ ਕੇਸਾਂ ਅਤੇ ਮੌਤਾਂ ਦੀ ਗਿਣਤੀ ਅਤੇ ਰਿਕਾਰਡ ਨੂੰ ਲੈ ਕੇ ਵੀ ਸਥਿਤੀ ਸਪਸ਼ਟ ਨਹੀਂ ਹੈ। ਦਰਸਾਈਆਂ ਜਾ ਰਹੀਆਂ ਮੌਤਾਂ ਅਤੇ ਸ਼ਮਸ਼ਾਨਘਾਟ ਦੇ ਦ੍ਰਿਸ਼ ਆਪਸ ਵਿਚ ਮੇਲ ਨਹੀਂ ਖਾ ਰਹੇ ਹਨ।

ਵਾਇਰਸ ਦੀ ਫਿਤਰਤ ਹੈ ਕਿ ਉਹ ਰੂਪ ਬਦਲਦਾ ਹੈ। ਵਾਇਰਸ ਆਪਣੇ ਆਪ ਵਿਚ ਸੰਪੂਰਨ ਜੀਵ ਨਹੀਂ ਹੈ। ਇਹ ਵਿਕਾਸ ਪੜਾਅ ਦਾ ਸੇਤੂ ਜੀਵ ਹੈ। ਇਸ ਲਈ ਇਹ ਹਾਲਾਤ ਮੁਤਾਬਕ ਖ਼ੁਦ ਨੂੰ ਬਚਾਈ ਰੱਖਣ ਲਈ ਰੂਪ ਬਦਲਦਾ ਹੈ। ਇਹ ਬਹਿਰੂਪੀਆ ਨਹੀਂ ਹੈ। ਇਸ ਦਾ ਇਕ ਨਵਾਂ ਰੂਪ ਹੈ, ਇਸ ਨੂੰ ਪੰਜਾਬ ਵਿਚ ਯੂਕੇ ਸਟ੍ਰੇਨ ਕਿਹਾ ਗਿਆ ਤੇ ਮਹਾਰਾਸ਼ਟਰ ਵਿਚ ਡਬਲ ਮਿਉਟੈਂਟ ਸਟ੍ਰੇਨ । ਇਨਾਂ ਦੀ ਪਛਾਣ ਹੋਈ ਬੀ.1.1.7 (ਯੂਕੇ) ਅਤੇ ਬੀ.1.617 ਡਬਲ ਮਿਉਟੈਂਟ।

ਦੇਸ਼ ਵੀ ਦੇਖ ਰਿਹਾ ਸੀ, ਉਹ ਆਲੋਚਨਾ ਵੀ ਕਰ ਰਿਹਾ ਸੀ। ਲੋਕਾਂ ਦਾ ਆਪਣਾ ਅੰਦਾਜ਼ਾ ਸੀ ਕਿ ਦੇਸ਼ ਦਾ ਮੁਖੀ ਖੁਦ 'ਸੁਪਰ ਸਪਰੈਡਰ' ਸਮਾਗਮਾਂ ਦਾ ਹਿੱਸਾ ਬਣ ਰਿਹਾ ਹੈ ਤੇ ਨਾਲ ਸਖ਼ਤੀ ਕਰਨ ਨੂੰ ਕਹਿ ਰਿਹਾ ਹੈ। ਇਸ ਮਾਹਿਰਾਨਾ ਕਮੇਟੀ ਨੂੰ ਤਾਂ ਸਵਾਲ ਖੜ੍ਹੇ ਕਰਨੇ ਚਾਹੀਦੇ ਸੀ ਤੇ ਸਿਫਾਰਸ਼ ਕਰਨੀ ਚਾਹੀਦੀ ਸੀ ਕਿ ਅਜਿਹੇ ਸਮਾਗਮਾਂ ਦੀ ਇਜਾਜ਼ਤ ਨਾ ਦਿੱਤੀ ਜਾਵੇ, ਉਹ ਚਾਹੇ ਕੁੰਭ ਸੀ ਤੇ ਚਾਹੇ ਲੱਖਾਂ ਦੀ ਗਿਣਤੀ ਵਾਲੀਆਂ ਰੈਲੀਆਂ, ਜਿੱਥੇ ਤਕ ਨਜ਼ਰ ਜਾਂਦੀ ਸੀ, ਲੋਕ ਹੀ ਲੋਕ ਜਦੋਂ ਕਿ ਪ੍ਰਧਾਨ ਮੰਤਰੀ ਨੂੰ ਖੁਦ 'ਰੋਲ ਮਾਡਲ' ਬਣਨ ਦੀ ਲੋੜ ਸੀ।

ਇਨ੍ਹੀਂ ਦਿਨੀਂ ਇਕ ਹੋਰ ਖਤਰਨਾਕ ਹਾਦਸਾ ਸਾਹਮਣੇ ਆ ਰਿਹਾ ਹੈ ਜਿਸ ਨੇ ਕਰੋਨਾ ਦੀ ਦਹਿਸ਼ਤ ਤੋਂ ਵੀ ਵੱਧ ਲੋਕਾਂ ਦੇ ਸਾਹ ਸੂਤੇ ਹੋਏ ਹਨ। ਉਹ ਹੈ ਵਧ ਰਹੇ ਬਲੈਕ ਫੰਗਸ ਦੇ ਕੇਸ। ਇਸ ਦਾ ਨਤੀਜਾ, ਮੌਤ ਵੀ ਹੈ ਤੇ ਜੋ ਜਿਊਂਦੇ ਬਚਾਏ ਜਾ ਸਕਦੇ ਹਨ, ਉਨ੍ਹਾਂ ਵਿਚ ਅੱਖਾਂ ਨੂੰ ਕੱਢ ਦੇਣਾ ਹੈ। ਇਹ ਫੰਗਸ ਅੱਖਾਂ ਅਤੇ ਦਿਮਾਗ ਤੇ ਹਮਲਾ ਕਰਦੀ ਹੈ। ਵੱਡਾ ਸਵਾਲ ਹੈ ਕਿ ਇਹ ਫੰਗਸ ਆਉਂਦੀ ਕਿਥੋਂ ਹੈ; ਭਾਵੇਂ ਫੌਰੀ ਤੌਰ ਤੇ ਇਸ ਨੂੰ ਸ਼ੂਗਰ ਦੇ ਮਰੀਜ਼ਾਂ ਅਤੇ ਕੋਰਟੀਕੋਸਟੀਰਾਈਡ ਦੇ ਇਸਤੇਮਾਲ ਨਾਲ ਜੋੜਿਆ ਜਾਂਦਾ ਹੈ। ਵੈਸੇ ਤਾਂ ਸ਼ੂਗਰ ਦੀ ਬਿਮਾਰੀ ਦੀ ਇਹ ਖਾਸੀਅਤ ਹੈ ਕਿ ਖ਼ੂਨ ਵਿਚ ਸ਼ੂਗਰ ਦੀ ਮਾਤਰਾ ਵਧਣ ਨਾਲ, ਕਿਸੇ ਵੀ ਜਰਮ ਨੂੰ ਵਧਣ ਫੁੱਲਣ ਦਾ ਮੌਕਾ ਮਿਲਦਾ ਹੈ। ਇਕ ਤਾਂ ਇੱਥੇ ਡਾਕਟਰੀ ਅਮਲੇ ਦੀ ਅਣਗਹਿਲੀ ਕਹਿ ਸਕਦੇ ਹਾਂ ਕਿ ਬਲੱਡ ਸ਼ੂਗਰ ਚੈੱਕ ਨਹੀਂ ਹੁੰਦੀ ਹੈ ਤੇ ਦੂਸਰਾ ਸਵਾਲ ਫੰਗਸ ਦੇ ਵੱਧਣ ਫੁੱਲਣ ਦਾ ਹੈ ਜੋ ਕਿਸੇ ਵੀ ਥਾਂ ਦੀ ਸਾਫ਼ ਸਫ਼ਾਈ ਨਾ ਹੋਣ ਦਾ ਨਤੀਜਾ ਹੈ। ਨਿਸ਼ਚਿਤ ਹੀ ਇਨ੍ਹਾਂ ਦਿਨਾਂ ਵਿਚ ਹਸਪਤਾਲਾਂ ਤੇ ਬੋਝ ਵਧਿਆ ਹੈ ਤੇ ਮਰੀਜ਼ਾਂ ਦੀ ਠੀਕ ਤਰ੍ਹਾਂ ਦੇਖਭਾਲ ਲਈ ਡਾਕਟਰੀ ਅਮਲਾ ਵੀ ਪੂਰਾ ਨਹੀਂ ਹੈ। ਮਰੀਜ਼ ਦੇ ਨੱਕ ਵਿਚ ਲੱਗੀਆਂ ਵੱਖ ਵੱਖ ਨਾਲੀਆਂ ਨੂੰ ਪੂਰੀ ਤਰ੍ਹਾਂ ਸਾਫ਼ ਨਾ ਰੱਖਣ ਦੇ ਨਤੀਜੇ ਵਜੋਂ ਵੀ ਫੰਗਸ ਵਧਦੀ ਹੈ ਤੇ ਫੈਲਦੀ ਹੈ।

ਇਹ ਸਾਰੇ ਸਵਾਲ ਅਹਿਮ ਹਨ। ਇਨ੍ਹਾਂ ਨਾਲ ਨਜਿੱਠਣ ਲਈ ਪ੍ਰਸ਼ਾਸਨ ਨੇ ਫੁਰਤੀ ਦਿਖਾਈ ਹੈ, ਉਹ ਚਾਹੇ ਆਰਜ਼ੀ ਬੈੱਡ ਹੋਣ, ਆਕਸੀਜਨ ਹੋਵੇ ਤੇ ਚਾਹੇ ਦਵਾਈਆਂ। ਇਹ ਨਹੀਂ ਕਹਿ ਸਕਦੇ ਕਿ ਹੁਣ ਦੂਸਰੀ ਲਹਿਰ ਦਾ ਕਹਿਰ ਢਿੱਲਾ ਪੈ ਗਿਆ ਹੈ, ਸਮਾਂ ਨਿਕਲ ਹੀ ਗਿਆ ਹੈ ਪਰ ਸਿਹਤ ਵਿਵਸਥਾ ਤੇ ਨਜ਼ਰ ਮਾਰੀਏ ਤਾਂ ਜਿੰਨੀਆਂ ਸਹੂਲਤਾਂ ਮੁਹੱਈਆ ਕਰਵਾ ਰਹੇ ਹਾਂ, ਇਹ ਤਾਂ ਰੋਜ਼ਮੱਰਾ ਲੋੜਾਂ ਹਨ ਜਿਸ ਨੂੰ ਅਸੀਂ ਕਦੇ ਪਹਿਲ ਨਹੀਂ ਦਿੱਤੀ ਤੇ ਨਾ ਹੀ ਸੰਜੀਦਗੀ ਨਾਲ ਇਸ ਬਾਰੇ ਸੋਚਿਆ ਹੈ।

ਪ੍ਰਧਾਨ ਮੰਤਰੀ ਨੇ ਡੇਵੋਸ ਵਿਚ ਦੁਨੀਆ ਭਰ ਦੇ ਮੁਖੀਆਂ ਨੂੰ ਕਿਹਾ ਸੀ ਕਿ ਅਸੀਂ ਦੁਸ਼ਮਣ ਤੇ ਜਿੱਤ ਹਾਸਿਲ ਕਰ ਲਈ ਹੈ। ਉਦੋਂ ਉਹ ਇਸ ਅਦ੍ਰਿਸ਼ ਦੁਸ਼ਮਣ ਬਾਰੇ ਗੱਲ ਕਰ ਰਹੇ ਸੀ ਜਾਂ ਕਿਸੇ ਹੋਰ ਬਾਰੇ। ਜੇ ਉਹ ਕੋਈ ਹੋਰ ਸੀ ਤਾਂ ਫਿਰ ਕੌਣ ਹੈ/ਸੀ? ਸ਼ਾਇਦ ਇਸੇ ਆਤਮ ਵਿਸ਼ਵਾਸ ਨੇ (ਜੋ ਵਿਗਿਆਨਕ ਤਰਜ਼ ਦਾ ਨਹੀਂ ਸੀ) ਅਵੇਸਲੇਪਣ ਨੂੰ ਥਾਂ ਦਿੱਤੀ ਹੈ ਤੇ ਅਸੀਂ ਬਣਾਏ ਗਏ ਹਸਪਤਾਲਾਂ ਨੂੰ ਉਧੇੜ ਦਿੱਤਾ ਤੇ ਭਰਤੀ ਕੀਤੇ ਆਰਜ਼ੀ ਕਾਮਿਆਂ ਨੂੰ ਘਰੇ ਤੋਰ ਦਿੱਤਾ।ਇਹ ਗੱਲਾਂ ਜ਼ਰੂਰੀ ਨੇ। ਮਹਿਰਾਂ ਨੇ ਕੀ ਸੋਚ ਕੇ ਨਹੀਂ ਕੀਤੀਆਂ? ਮੀਡੀਆ ਤਾਂ ਅਜਿਹੀਆਂ ਗੱਲਾਂ ਕਾਫ਼ੀ ਲੰਮੇ ਸਮੇਂ ਤੋਂ ਕਰਨੋਂ ਹਟ ਗਿਆ ਹੈ। ਅੱਜ ਪੂਰੀ ਦੁਨੀਆ ਸਾਡੀ ਕਾਰਗੁਜ਼ਾਰੀ ਦੇਖ ਰਹੀ ਹੈ। ਸਾਡਾ ਵਤੀਰਾ ਦਿਸ ਰਿਹਾ ਹੈ, ਭਾਵੇਂ ਦੁਸ਼ਮਣ ਅਦ੍ਰਿਸ਼ ਹੈ। ਕੌਮਾਂਤਰੀ ਮੈਗਜ਼ੀਨਾਂ ਦੇ ਪਹਿਲੇ ਪੰਨਿਆਂ ਤੇ ਦੇਸ਼ ਦੇ ਸ਼ਮਸ਼ਾਨਘਾਟਾਂ ਦੀਆਂ ਤਸਵੀਰਾਂ ਛਪ ਰਹੀਆਂ ਹਨ। ਇਹ ਅਦ੍ਰਿਸ਼ ਨਹੀਂ ਹੈ, ਇਹ ਸਚਾਈ ਹੈ। ਇਸ ਦਾ ਸਾਹਮਣਾ ਕਰਨ ਅਤੇ ਜਵਾਬਦੇਹੀ ਸਵੀਕਾਰ ਕਰਨ ਲਈ ਹਿੰਮਤ ਚਾਹੀਦੀ ਹੈ।

ਡਾ. ਸ਼ਿਆਮ ਸੁੰਦਰ ਦੀਪਤੀ
ਸੰਪਰਕ: 98158-08506

# ਸਿੱਖਿਆ ਪ੍ਰਣਾਲੀ ਬਾਰੇ ਮੁੜ ਸੋਚਣ ਦਾ ਵੇਲਾ



ਭਿਆਨਕ ਮਹਾਮਾਰੀ ਕਾਰਨ ਚਾਰੇ ਪਾਸੇ ਫੈਲੇ ਹਨੇਰੇ ਦੌਰਾਨ ਵੀ ਸਾਡੀ ਜ਼ਿੰਦਗੀ ਦੀ ਆਸ ਬੰਨ੍ਹਾਉਣ ਵਾਲੀਆਂ ਤੇ ਉਦਾਰ ਕਲਪਨਾਵਾਂ ਨਿਸਤੇਜ ਹੋਣ ਤੋਂ ਇਨਕਾਰੀ ਹਨ। ਇਹ ਮਈ ਦਾ ਹੀ ਮਹੀਨਾ ਸੀ ਜਦੋਂ ਇਸ ਸਰਜ਼ਮੀਨ ਨੇ ਦੋ ਮਹਾਨ ਸ਼ਖ਼ਸੀਅਤਾਂ ਰਵਿੰਦਰ ਨਾਥ ਟੈਗੋਰ (7 ਮਈ, 1861) ਅਤੇ ਜਿੱਡੂ ਕ੍ਰਿਸ਼ਨਾਮੂਰਤੀ (11 ਮਈ, 1895) ਨੂੰ ਜਨਮ ਦਿੱਤਾ; ਤੇ ਹੁਣ ਮਈ 2021 ਦੌਰਾਨ ਭਾਵੇਂ ਅਸੀਂ ਬੁਰੀ ਤਰ੍ਹਾਂ ਟੁੱਟੇ ਅਤੇ ਜ਼ਖ਼ਮੀ ਹਾਲਾਤ ਵਿਚ ਹਾਂ, ਤਾਂ ਵੀ ਉਨ੍ਹਾਂ ਨੂੰ ਮੁੜ ਚੇਤੇ ਕਰਨਾ ਸੁਖਦ ਲੱਗਦਾ ਹੈ, ਜਦੋਂ ਉਨ੍ਹਾਂ ਤੋਂ ਸੇਧ ਲੈ ਕੇ ਇਸ ਗੱਲ ਤੇ ਮੁੜ ਵਿਚਾਰ ਕੀਤੀ ਜਾ ਸਕਦੀ ਹੈ ਕਿ ਅੱਜ ਮੁਲਕ ਵਿਚ ਮਿਆਰੀ ਅਤੇ ਮੁੱਖ ਧਾਰਾ ਸਿੱਖਿਆ ਦੇ ਨਾਂ ਤੇ ਕੀ ਚੱਲ ਰਿਹਾ ਹੈ। ਖ਼ੈਰ, 'ਉਤਪਾਦਕਤਾ', 'ਉਪਯੋਗਤਾ' ਅਤੇ 'ਕੁਸ਼ਲਤਾ' ਦੀ ਬਾਜ਼ਾਰ-ਮੁਖੀ ਧਾਰਨਾ ਦੇ ਭ੍ਰਿਸ਼ਟ ਕੀਤੇ ਇਸ ਦੌਰ ਵਿਚ ਬਹੁਤੇ ਲੋਕ ਹਰਗਿਜ਼ ਕਿਸੇ ਸ਼ਾਇਰ ਜਾਂ ਕਿਸੇ ਘੁਮੱਕੜ ਵਾਲੇ ਰਾਹ ਨਹੀਂ ਤੁਰਨਾ ਚਾਹੁਣਗੇ। ਇਸ ਦੇ ਬਾਵਜੂਦ ਸਿੱਖਿਆ ਦੇ ਮੌਜੂਦਾ ਪ੍ਰਚਲਿਤ ਰੂਪ ਤੋਂ ਜਿਹੜੇ ਲੋਕ ਬੇਚੈਨੀ ਮਹਿਸੂਸ ਕਰਦੇ ਹਨ, ਉਨ੍ਹਾਂ ਨੂੰ ਟੈਗੋਰ ਅਤੇ ਕ੍ਰਿਸ਼ਨਾਮੂਰਤੀ ਤੋਂ ਸੇਧ ਲੈਣੀ ਚਾਹੀਦੀ ਹੈ ਕਿਉਂਕਿ ਇਸ ਸਿੱਖਿਆ ਢਾਂਚੇ ਵਿਚ ਦਮਨਕਾਰੀ ਸਕੂਲੀ ਪੜ੍ਹਾਈ, ਉਪਯੋਗਤਾਵਾਦੀ ਕੋਚਿੰਗ ਸੈਂਟਰਾਂ, ਗਲੇ-ਸੜੇ ਅਧਿਆਪਨ ਤਰੀਕਿਆਂ, ਇਮਤਿਹਾਨਾਂ ਦੇ ਭੈਅ, ਬਹੁਤ ਜ਼ਿਆਦਾ ਮੁਕਾਬਲੇਬਾਜ਼ੀ, ਦਿਮਾਗੀ ਖੁੰਢਾਪਣ ਆਦਿ ਤੋਂ ਸਿਵਾ ਹੋਰ ਕੁਝ ਵੀ ਨਹੀਂ ਹੈ। ਅਜਿਹੇ ਲੋਕਾਂ ਨੂੰ ਸਿੱਖਿਆ ਪ੍ਰਬੰਧ ਦੇ ਸੁਧਾਰ ਦੀ ਕੋਸ਼ਿਸ਼ ਕਰਦਿਆਂ ਮੌਜੂਦਾ ਢਾਂਚੇ ਖ਼ਿਲਾਫ਼ ਵਿਰੋਧ ਜਤਾਉਣਾ ਚਾਹੀਦਾ ਹੈ, ਭਾਵੇਂ ਮੌਜੂਦਾ ਸਥਾਪਤ ਢਾਂਚੇ ਅਤੇ ਇਸ ਦੇ ਤਕਨੀਕੀ ਪ੍ਰਬੰਧਕ ਨੀਤੀ ਨਿਰਮਾਤਾਵਾਂ ਵੱਲੋਂ ਤੁਹਾਡੇ ਵਿਚਾਰਾਂ ਨੂੰ ਮਹਿਜ਼ ਆਦਰਸ਼ਵਾਦੀ ਕਰਾਰ ਦੇ ਕੇ ਇਨ੍ਹਾਂ ਛੁਟਿਆਇਆ ਹੀ ਕਿਉਂ ਨਾ ਜਾਵੇ।

ਆਉ ਇਸ ਗੱਲ ਤੇ ਵਿਚਾਰ ਕਰਦੇ ਹਾਂ ਕਿ ਆਧੁਨਿਕ ਸਕੂਲੀ ਪ੍ਰਬੰਧ ਨੇ ਆਪਣੇ ਫ਼ੌਜੀ ਅਨੁਸ਼ਾ-ਸਨ ਅਤੇ ਜ਼ਾਬਤੇ ਤੇ ਨਿਗਰਾਨੀ ਦੀਆਂ ਤਕਨੀਕਾਂ ਰਾਹੀਂ ਸਾਡੇ ਬੱਚਿਆਂ ਉਤੇ ਕੀ ਅਸਰ ਪਾਇਆ ਹੈ। ਇਸ ਨੇ ਬਨਾਉਟੀ ਸੁਰੱਖਿਆ, ਸੰਜਮੀ ਸਹਿਜਤਾ ਦੇ ਨਾਲ ਹੀ ਜ਼ਿੰਦਗੀ ਦੇ ਉਸਾਰੂ ਪ੍ਰਵਾਹ ਨੂੰ ਰੋਕ ਕੇ ਉਨ੍ਹਾਂ ਦੀ ਹੋਂਦ ਨੂੰ ਹੀ ਵਿਗਾੜ ਕੇ ਰੱਖ ਦਿੱਤਾ ਹੈ। ਅੱਜ ਵੱਡੀਆਂ ਵੱਡੀਆਂ ਦੀਵਾਰਾਂ, ਸੀਸੀਟੀਵੀ ਕੈਮਰਿਆਂ, ਖੰਡਿਤ ਤੇ ਖਿੰਡੀਆਂ-ਪੁੰਡੀਆਂ ਗਿਆਨ ਰੂਪੀ ਖ਼ੁਰਾਕਾਂ (ਸਵੇਰੇ 9.30 ਵਜੇ ਫਿਜ਼ਿਕਸ ਦੀ ਕਲਾਸ, 10.15 ਵਜੇ ਕਵਿਤਾ ਤੇ 11 ਵਜੇ ਕਲੇਅ ਮਾਡਲਿੰਗ) ਦੇ ਨਾਲ ਹੀ ਘੰਟੀਆਂ ਤੇ ਘੜੀ ਦਾ ਜ਼ੁਲਮ ਅਤੇ ਇਸ ਦੇ ਨਾਲ ਹੀ ਵਧੀਆ ਕਾਰਗੁਜ਼ਾਰੀ ਦਿਖਾਉਣ ਦਾ ਲਗਾਤਾਰ ਦਬਾਅ: ਇਸ ਸਭ ਕਾਸੇ ਨੇ ਸਾਡੇ ਸਕੂਲਾਂ ਨੂੰ ਜੇਲ੍ਹਾਂ ਬਣਾ ਦਿੱਤਾ ਹੈ। ਕੀ ਇਹ ਤਾਂ ਨਹੀਂ ਕਿ ਅਜਿਹੀ ਸਕੂਲੀ ਸਿੱਖਿਆ ਕਿਸੇ ਨੂੰ ਅਲੱਗ-ਥਲੱਗ ਕਾਮਾ ਜਾਂ ਬੇਪ੍ਰਵਾਹ ਖ਼ਪਤਕਾਰ ਬਣਾ ਦਿੰਦੀ ਹੈ? ਹੁਣ ਟੈਗੋਰ ਦੀ ਕਾਵਿਕ ਗੰਭੀਰਤਾ ਬਾਰੇ ਸੋਚੋ, ਉਨ੍ਹਾਂ ਦੇ ਫ਼ੌਜੀ ਅਨੁਸ਼ਾਸਨ ਦੇ ਵਿਰੋਧ ਬਾਰੇ, ਇਨ੍ਹਾਂ ਜੇਲ੍ਹ ਰੂਪੀ ਢਾਂਚਿਆਂ ਨੂੰ ਖ਼ਤਮ ਕਰ ਦੇਣ ਅਤੇ ਆਧੁਨਿਕ 'ਤਪੋਵਨ' ਸਿਰਜਣ ਦੀ ਉਨ੍ਹਾਂ ਦੀ ਖ਼ਾਹਿਸ਼ ਵੱਲ ਵੀ ਧਿਆਨ ਧਰੋ ਜਿਸ ਵਿਚ ਉਹ ਸਿੱਖਣ ਵਾਲਾ ਅਜਿਹਾ ਭਾਈਚਾਰਾ ਸਿਰਜਣ ਦੀ ਕਾਮਨਾ ਕਰਦੇ ਹਨ ਜਿਸ ਵਿਚ ਕੁਦਰਤ ਦੀ ਬਹੁਤਾਤ ਦੌਰਾਨ ਦੋਵੇਂ ਬੱਚੇ ਵੀ ਤੇ ਉਨ੍ਹਾਂ ਦੇ ਅਧਿਆਪਕ ਵੀ ਕਰੀਬੀ ਸੰਪਰਕ ਰਾਹੀਂ ਸਿੱਖਦੇ ਹੋਏ ਅੱਗੇ ਵਧਦੇ ਹਨ। ਕੁਦਰਤ ਦੀ ਛੋਹ, ਰੁੱਖਾਂ ਦੀ ਸਰਸਰਾਹਟ, ਉਨ੍ਹਾਂ ਦਾ ਨਿੱਘ ਮਾਣਨਾ, ਦੇਖਣਾ ਤੇ ਉਨ੍ਹਾਂ ਨਾਲ ਜੁੜਨਾ, ਮੌਨਸੂਨ ਦੇ ਬੱਦਲਾਂ ਦੀਆਂ ਅਸਮਾਨ ਵਿਚਲੀਆਂ ਲੁਕਣਮੀਟੀਆਂ ਅਤੇ ਰਾਤ ਨੂੰ ਅਸਮਾਨ ਵਿਚ ਚੰਦ ਦੇਖਣਾ, ਸਿੱਖਣ ਦੀ ਪ੍ਰਕਿਰਿਆ ਨੂੰ ਨਵਾਂ ਅਰਥ ਦਿੰਦੇ ਹਨ। ਇਹ ਇਉਂ ਨਹੀਂ, ਜਿਵੇਂ ਜਮਾਤ ਦੇ ਬੰਦ ਕਮਰੇ ਵਿਚ ਅਤੇ ਮਿਥੇ ਸਮੇਂ ਵਿਚ ਕੀਟਸ ਨੂੰ ਪੜ੍ਹਦੇ ਹੋਈਏ; ਇਹ ਤਾਂ ਸਗੋਂ ਖ਼ੁਦ ਹੀ ਕੋਈ ਨਜ਼ਮ, ਕੋਈ ਗ਼ਜ਼ਲ ਬਣ ਜਾਣਾ ਹੈ। ਦੂਜੇ ਲਫ਼ਜ਼ਾਂ ਵਿਚ ਅਜਿਹੀ ਸਿੱਖਿਆ ਅਜਿਹਾ ਆਧਾਰ ਸਿਰਜਦੀ ਹੈ ਜਿਥੇ ਕਲਾਤਮਕ ਪੱਖੋਂ ਅਮੀਰ ਅਤੇ ਹਾਲਾਤ ਪੱਖੋਂ ਸੰਵੇਦਨਸ਼ੀਲ ਆਪਾ ਸਿਰਜਿਆ ਜਾ ਸਕਦਾ ਹੈ। ਜਿਵੇਂ ਕਵੀ (ਟੈਗੋਰ) ਮਹਿਸੂਸ ਕਰਦਾ ਹੈ, ਇਹੋ ਤਾਂ ਸਿੱਖਿਆ ਦਾ ਮੂਲ ਤੱਤ ਹੈ। ਅਫ਼ਸੋਸ ਦੀ ਗੱਲ ਹੈ ਕਿ ਪੇਸ਼ੇਵਰ ਦੁਨੀਆ ਵਿਚ ਸਾਡੇ ਮੁੱਖ ਅਧਿਆਪਕ ਸ਼ਾਇਦ ਹੀ ਕਦੇ ਅੰਗਰੇਜ਼ੀ ਵਿਆਕਰਨ ਜਾਂ ਗਣਿਤ ਦੀਆਂ ਜ਼ਰਬਾਂ-ਤਕਸੀਮਾਂ ਤੋਂ ਅਗਾਂਹ ਕੁਝ ਦੇਖਦੇ ਤੇ ਸੋਚਦੇ ਹੋਣ।

ਦੂਜਾ, ਮੌਜੂਦਾ ਸਿੱਖਿਆ ਢਾਂਚੇ ਨੇ ਰਮਤਿਆਂ ਵਾਲੀ ਭਾਵਨਾ, ਵਲਗਣਾਂ ਦੇ ਆਦੀ ਹੋ ਚੁੱਕੇ ਦਿਲੋ-ਦਿਮਾਗ਼ ਤੋਂ ਪਾਰ ਸੋਚਣ-ਵਿਚਾਰਨ ਵਾਲੀ ਸੋਚ ਅਤੇ ਨਿਰਵਿਘਨ ਸਿੱਖਣ ਤੇ ਭੁਲਾ ਦੇਣ ਦੇ ਅਮਲ ਵਾਲੀ ਲਲਕ ਦਾ ਖ਼ਾਤਮਾ ਕਰ ਦਿੱਤਾ ਹੈ। ਅੱਜ ਅਸੀਂ ਇਹੋ ਚਾਹੁੰਦੇ ਹਾਂ ਕਿ ਸਾਡੇ ਬੱਚੇ ਬਹੁਤ ਹੀ ਸਮਾਰਟ (ਹੁਸ਼ਿਆਰ) ਰਣਨੀਤੀਘਾੜੇ, ਇਮਤਿਹਾਨਾਂ ਵਿਚ ਵੱਡੀਆਂ ਮੱਲਾਂ ਮਾਰਨ ਵਾਲੇ ਅਤੇ ਸੰਭਾਵੀ ਟਾਪਰ ਹੋਣ। ਨਾਲ ਹੀ ਉਨ੍ਹਾਂ ਦੀ ਚੇਤਨਾ ਵਿਚ ਇਹੋ ਬਿਠਾਇਆ ਜਾਂਦਾ ਹੈ ਕਿ ਗਿਆਨ ਤੇ ਜਾਣਕਾਰੀ ਦਾ ਅਰਥ ਮਹਿਜ਼ ਅਧਿਕਾਰਤ ਵਿੱਦਿਅਕ ਪਾਠਕ੍ਰਮ ਨੂੰ ਰਟ ਲੈਣਾ ਹੀ ਹੈ (ਤੇ ਆਈਆਈਟੀ ਵਿਚ ਜਾਣ ਦੇ ਕਿਸੇ ਚਾਹਵਾਨ ਲਈ ਫਿਜ਼ਿਕਸ ਹੋਰ ਕੁਝ ਨਹੀਂ, ਸਿਰਫ਼ ਐੱਫ਼ਆਈਆਈਟੀ-ਜੇਈਈ ਫਿਜ਼ਿਕਸ ਹੀ ਹੈ; ਤੇ ਇਸੇ ਤਰ੍ਹਾਂ ਗਣਿਤ ਹੋਰ ਕੁਝ ਨਹੀਂ, ਬੱਸ ਉਹੋ ਹੈ ਜਿਹੜਾ ਕੋਟਾ ਦੇ ਕੋਚਿੰਗ ਸੈਂਟਰਾਂ ਵਿਚ ਪੜ੍ਹਾਇਆ ਜਾਂਦਾ ਹੈ; ਦੱਸਣਯੋਗ ਹੈ ਕਿ ਕੋਟਾ ਰਾਜਸਥਾਨ ਦਾ ਸ਼ਹਿਰ ਹੈ ਜੋ ਸਾਡੇ ਸਿੱਖਿਆ ਪ੍ਰਬੰਧ ਦਾ ਜੋ ਵੀ ਹਨੇਰਾ ਤੇ ਭੱਦਾ ਪੱਖ ਹੈ, ਉਸ ਲਈ ਜਾਣਿਆ ਜਾਂਦਾ ਹੈ); ਭਾਵ ਇਹ ਉਹ ਉਤਪਾਦ ਹੈ ਜਿਸ ਦੀ ਖ਼ਪਤ ਕਰਨੀ ਪੈਣੀ ਹੈ। ਕ੍ਰਿਸ਼ਨਾਮੂਰਤੀ ਦਾ ਖ਼ਿਆਲ ਸੀ ਕਿ ਅਜਿਹੀਆਂ ਸ਼ਰਤਾਂ ਅਤੇ ਹੱਦਬੰਦੀਆਂ ਨਾਲ ਸਾਡੀ ਚੇਤਨਾ ਦਾ ਵਿਕਾਸ ਸੀਮਤ ਹੋ ਜਾਂਦਾ ਹੈ; ਇਹ ਕਿਸੇ ਬੰਦੇ ਨੂੰ ਜ਼ਿੰਦਗੀ ਦੀ ਰਵਾਨੀ - ਇਸ ਦੀ ਤਾਜ਼ਗੀ, ਇਸ ਦੀ ਅਣਹੋਣੀ ਅਤੇ ਇਸ ਦੀ ਬੇਯਕੀਨੀ - ਤੋਂ ਸਿੱਖਣ ਤੇ ਭੁਲਾਉਣ ਦੇ ਅਸਮਰੱਥ ਬਣਾ ਦਿੰਦੀਆਂ ਹਨ। ਕ੍ਰਿਸ਼ਨਾਮੂਰਤੀ ਦੱਸਦੇ ਹਨ ਕਿ ਸੱਚ ਪਗਡੰਡੀ ਰਹਿਤ ਜ਼ਮੀਨ ਹੈ ਪਰ ਸਾਡਾ ਸਿੱਖਿਆ ਪ੍ਰਬੰਧ ਸਾਨੂੰ ਇਕ ਦਿਸ਼ਾ ਵਿਚ ਹੀ ਦੇਖਣ ਤੇ ਸੋਚਣ ਵਾਲੇ ਬਣਾਉਂਦਾ ਹੈ। ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਬੰਧਨਾਂ ਵਾਲਾ ਅਜਿਹਾ ਮਨ ਹਮੇਸ਼ਾ ਖ਼ੌਫ਼ਜ਼ਦਾ ਰਹਿੰਦਾ ਹੈ। ਇਹ ਕਦੇ ਵੀ ਖ਼ਤਰੇ ਮੁੱਲ ਨਹੀਂ ਲੈ ਸਕਦਾ; ਇਹ ਤੈਅ ਢਾਂਚੇ ਤੋਂ ਪਾਰ ਕਦੇ ਵੀ ਨਹੀਂ ਦੇਖ ਸਕਦਾ; ਇਹ ਕਦੇ ਵੀ ਉਸ ਰਾਹ ਤੇ ਨਹੀਂ ਤੁਰ ਸਕਦਾ ਜਿਸ ਨੂੰ ਰੌਬਰਟ ਫਰੌਸਟ ਨੇ 'ਪਗਡੰਡੀ ਰਹਿਤ ਸਫ਼ਰ' ਕਰਾਰ ਦਿੱਤਾ ਸੀ। ਇਸ ਤੋਂ ਵੀ ਵੱਧ, ਇਮਤਿਹਾਨਾਂ ਦੀ ਰਸਮ ਤੁਲਨਾ ਉਤੇ ਆਧਾਰਿਤ ਹੈ, ਇਸ ਲਈ ਇਹ ਫੇਲ੍ਹ ਹੋਣ, ਪਛੜ ਜਾਣ ਅਤੇ (ਨਾਲਾਇਕ ਹੋਣ ਦਾ) ਕਲੰਕ ਲੱਗਣ ਦਾ ਡਰ ਜਗਾਉਂਦੀ ਹੈ। ਅਧਿਆਪਕਾਂ, ਸਿੱਖਿਆ ਦਾਨੀਆਂ ਅਤੇ ਬੱਚਿਆਂ ਨਾਲ ਆਪਣੇ ਉਮਰ ਭਰ ਦੇ ਵਿਚਾਰ-ਵਟਾਂਦਰਿਆਂ ਰਾਹੀਂ ਕ੍ਰਿਸ਼ਨਾਮੂਰਤੀ ਸਾਨੂੰ ਇਹੋ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹੇ ਕਿ ਅਸੀਂ ਸਿੱਖਿਆ ਦੇ ਜਾਗ੍ਰਿਤ ਬੁੱਧੀ, ਆਪਣੇ ਆਪੇ ਦੀ ਖੋਜ, ਜ਼ਿੰਦਗੀ ਪ੍ਰਤੀ ਸੰਵੇਦਨਸ਼ੀਲਤਾ, ਜਾਂ ਇਕ ਖੋਜ ਵਜੋਂ ਮੁੱਲ ਨੂੰ ਜਾਣੀਏ।

ਇਹ ਜਿਹੜਾ ਸੰਸਾਰ ਅਸੀਂ ਘੜ ਲਿਆ ਹੈ, ਇਸ ਬਾਰੇ ਸੋਚੋ। ਇਥੇ ਧਰਮ ਮਹਿਜ਼ ਕੱਟੜਤਾ ਹੈ, ਰਾਸ਼ਟਰਵਾਦ ਇਥੇ ਇਕ ਤਰ੍ਹਾਂ ਮਾਰਖੋਰੀ ਹਮਲਾਵਰ ਭਾਵਨਾ ਹੈ, 'ਚੰਗਾ ਜੀਵਨ' ਮਹਿਜ਼ ਆਨੰਦ-ਮਜ਼ੇ ਲੈਣ ਵੱਲ ਕੇਂਦਰਿਤ ਹੈ, ਜਿਵੇਂ ਭਰਮਾਊ ਖ਼ਪਤਵਾਦ ਨੇ ਇਸ ਨੂੰ ਬਣਾਇਆ ਹੈ; ਕੁਦਰਤ ਅਜਿਹਾ ਅੜਿੱਕਾ ਹੈ ਜਿਸ ਨੂੰ ਤਕਨੀਕੀ ਸਾਇੰਸ ਰਾਹੀਂ ਪਾਰ ਪਾਉਣਾ ਪਵੇਗਾ; ਸਮਾਜਿਕ ਡਾਰਵਿਨਵਾਦ (ਇਕ ਤਰ੍ਹਾਂ ਦਾ ਰੂੜ੍ਹੀਵਾਦ) ਹੀ ਅਹਿਮ ਮੰਤਰ ਹੈ; ਅਤੇ ਜਿੱਤ ਮਹਿਜ਼ ਹੋਰਾਂ ਨੂੰ ਹਰਾਉਣ ਦਾ ਸਰੂਰ ਹੈ। ਇਸ ਦੌਰਾਨ ਜੋ ਕੁਝ ਵੀ ਸਿੱਖਿਆ ਦੇ ਨਾਂ ਤੇ ਚੱਲ ਰਿਹਾ ਹੈ, ਉਹ ਸਾਨੂੰ ਇਸ ਕੋਹਜੇ ਤੇ ਕੁਲਹਿਣੇ ਸੰਸਾਰ ਤੋਂ ਪਰੇ ਨਹੀਂ ਲਿਜਾ ਸਕਦਾ। ਦਰਅਸਲ, ਇਹ ਸਿੱਖਿਆ ਤਾਂ ਹਿੰਸਾ ਦੇ ਇਸ ਸੱਭਿਆਚਾਰ ਨੂੰ ਹੋਰ ਹੁਲਾਰਾ ਦਿੰਦੀ ਹੈ। ਅਜਿਹੀ ਸਿੱਖਿਆ ਦਾ ਕੋਹਜ ਮਹਾਮਾਰੀ ਦੇ ਦੌਰ ਵਿਚ ਇਕ ਵਾਰੀ ਮੁੜ ਸਾਹਮਣੇ ਆਉਂਦਾ ਹੈ। ਅਕਾਦਮਿਕ ਅਫ਼ਸਰਸ਼ਾਹੀ ਬੀਤੇ ਉੱਤੇ ਝਾਤੀ ਮਾਰਨ ਤੋਂ ਇਨਕਾਰੀ ਹੈ; ਇਹ 'ਆਨਲਾਈਨ ਸਿੱਖਿਆ', ਅਧਿਕਾਰਤ ਪਾਠਕ੍ਰਮ ਮੁਕੰਮਲ ਕਰਨ, ਇਮਤਿਹਾਨ ਕਰਾਉਣ ਅਤੇ ਵਿਦਿਆਰਥੀਆਂ ਦੀ ਦਰਜਾਬੰਦੀ ਕਰਨ ਤੋਂ ਅਗਾਂਹ ਕੁਝ ਸੋਚ ਹੀ ਨਹੀਂ ਸਕਦੀ। ਇਹ ਲੋਕ ਮਾਨਸਿਕ ਤੇ ਹੋਂਦ ਦੇ ਸੰਕਟ ਦੇ ਇਸ ਦੌਰ ਦੌਰਾਨ ਵੀ ਚਾਹੁੰਦੇ ਹਨ ਕਿ ਅਧਿਆਪਕ ਮਹਿਜ਼ ਡੇਟਾ ਮੁਹੱਈਆ ਕਰਾਉਣ ਵਾਲੇ ਬਣੇ ਰਹਿਣ ਤਾਂ ਕਿ ਉਹ ਉੱਚ ਅਫ਼ਸਰਾਂ ਨੂੰ ਲੋੜੀਂਦੀ ਜਾਣਕਾਰੀ ਦਿੰਦੇ ਰਹਿਣ: ਜਿਵੇਂ ਵਿਦਿਆਰਥੀਆਂ ਦੀ ਹਾਜ਼ਰੀ, ਉਨ੍ਹਾਂ ਦੇ ਗਰੇਡ (ਅੰਕ) ਆਦਿ ਦੇ ਵੇਰਵੇ। ਸਿੱਖਿਆ ਬਾਰੇ ਅਜਿਹੀ ਪਹੁੰਚ ਦੇ ਖੋਖਲੇਪਣ ਬਾਰੇ ਸ਼ਾਇਦ ਹੀ ਕੋਈ ਗੰਭੀਰ ਸੋਚ-ਵਿਚਾਰ ਕੀਤੀ ਗਈ ਹੋਵੇ, ਜਦੋਂਕਿ ਇਹ ਸੰਸਾਰ ਢਹਿ ਢੇਰੀ ਹੋ ਚੁੱਕਾ ਹੈ।

ਇਸ ਦੇ ਬਾਵਜੂਦ, ਹਾਲੇ ਵੀ ਸਾਡੇ ਦਰਮਿਆਨ ਅਜਿਹੇ ਕੁਝ ਲੋਕ ਮੌਜੂਦ ਹਨ ਜਿਹੜੇ ਵੱਖਰੀ ਤਰ੍ਹਾਂ ਸੋਚਣ ਦਾ ਜੇਰਾ ਰੱਖਦੇ ਹਨ। ਬਤੌਰ ਅਧਿਆਪਕ ਮੇਰਾ ਖ਼ਿਆਲ ਹੈ ਕਿ ਉਹ ਲੋਕ ਜ਼ਰੂਰ ਚਿੰਤਨ ਕਰਨਗੇ, ਟੈਗੋਰ ਅਤੇ ਕ੍ਰਿਸ਼ਨਾਮੂਰਤੀ ਤੋਂ ਸੇਧ ਲੈ ਕੇ ਸੋਚਣਗੇ ਅਤੇ ਇਹੋ ਜਿਹੇ ਸਿੱਖਿਆ ਢਾਂਚੇ ਦੀ ਮੁੜ ਕਲਪਨਾ ਕਰਨਗੇ ਜਿਹੜਾ ਸਾਨੂੰ ਸ਼ਿੱਦਤ ਨਾਲ, ਮਾਣਮੱਤੇ ਢੰਗ ਨਾਲ ਅਤੇ ਸਾਰਥਕ ਢੰਗ ਨਾਲ ਜਿਊਣਾ ਤੇ ਮਰਨਾ ਸਿਖਾਵੇ।

**ਅਵਿਜੀਤ ਪਾਠਕ**
***ਲੇਖਕ ਸਮਾਜ ਸ਼ਾਸਤਰੀ ਹੈ।**

# ਪੰਜਾਬ ਬੋਰਡ ਵੱਲੋਂ 10ਵੀ ਕਲਾਸ ਦੇ ਐਲਾਨੇ ਨਤੀਜੇ ਵਿਚ ਲੁਧਿਆਣਾ ਦੇ ਰਾਹੁਲ ਨੇ 98% ਨੰਬਰ ਪ੍ਰਾਪਤ ਕੀਤੇ



**ਲੁਧਿਆਣਾ (ਰਵਿੰਦਰ ਬੁੱਟਰ ਅਤੇ ਸਿਮਰਜੀਤ ਕੌਰ)** ਪੰਜਾਬ ਸਰਕਾਰ ਵੱਲੋਂ ਲੋਕਡਾਊਨ ਦੌਰਾਨ ਬੱਚਿਆਂ ਨੂੰ ਦੂਜੇ ਸਾਲ ਵਿਚ ਵੀ ਪੜ੍ਹਾਈ ਆਨਲਾਈਨ ਕਰਕੇ ਹੀ ਆਪਣੀ ਸਿੱਖਿਆ ਨੂੰ ਜਾਰੀ ਰੱਖਿਆ ਜਾ ਰਿਹਾ ਹੈ। ਬੀਤੇ ਕੱਲ੍ਹ ਪੰਜਾਬ ਸਿੱਖਿਆ ਬੋਰਡ ਵੱਲੋਂ ਕੱਲ ਅੱਠਵੀਂ ਅਤੇ ਦਸਵੀਂ ਕਲਾਸਾਂ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ ਜਿਸ ਵਿਚ ਹੋਣਹਾਰ ਵਿਦਿਆਰਥੀਆਂ ਆਨਲਾਈਨ ਘਰ ਬੈਠ ਕੇ ਵੀ ਵਧੀਆ ਸਿੱਖਿਆ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਵਿਚੋਂ ਅਜਿਹੀ ਹੀ ਇੱਕ ਵਿਦਿਆਰਥੀ ਰਾਹੁਲ ਲੁਧਿਆਣਾ ਦੇ ਬਾਬਾ ਮੁਕੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੇ ਹੈ। ਜਿਸ ਨੇ ਦਸਵੀ ਕਲਾਸ ਵਿੱਚੋਂ ਪ੍ਰਤੀਸ਼ਤ ਨੰਬਰ 650 ਵਿਚੋਂ 640 ਅੰਕ ਪ੍ਰਾਪਤ ਕੀਤੇ ਅਜਿਹੇ ਵਿਦਿਆਰਥੀ ਭਵਿੱਖ ਵਿੱਚ ਇੱਕ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ।

# ਹਰ ਵਪਾਰੀ ਦੁਕਾਨ ਤੇ ਸੈਨੀਟਾਈਜ਼ਰ ਰੱਖੇ ਅਤੇ ਮਾਸਕ ਦੀ ਵਰਤੋਂ ਕਰੇ: ਅਸ਼ਵਨੀ ਕੋਹਲੀ



**ਨਕੋਦਰ (ਟੋਨੀ)** ਪ੍ਰੈੱਸ ਕਾਨਫਰੰਸ ਵਿੱਚ ਅਸ਼ਵਨੀ ਕੋਹਲੀ ਕੀ ਕਿਹਾ ਕਰੋਨਾ ਵਰਗੀ ਭੈੜੀ ਬਿਮਾਰੀ ਨੂੰ ਚਲਦੇ ਹੋਏ ਸਰਕਾਰ ਦੀਆਂ ਹਦਾਇਤਾਂ ਵਿੱਚ ਨਰਮੀ ਦਿੱਤੀ ਗਈ ਹੈ। ਕੀ ਸਵੇਰ 9 ਵਜੇ ਤੋਂ ਸ਼ਾਮੀਂ 5 ਵਜੇ ਤੱਕ ਦੁਕਾਨਾਂ ਖੁੱਲ ਸਕਦੀਆ ਹਨ। ਇਸ ਨਾਲ ਵਪਾਰੀ ਦੇ ਚਿਹਰਿਆਂ ਉੱਤੇ ਮੁਸਕ੍ਰਾਹਟ ਆਈ। ਨਕੋਦਰ ਦੇ ਐਮ ਸੀ ਅਸ਼ਵਨੀ ਕੋਹਲੀ ਨੇ ਜਲੰਧਰ ਦੇ ਡੀ ਸੀ ਅਤੇ ਜਲੰਧਰ ਦੀਆਂ ਦੁਕਾਨਦਾਰ ਐਸੋਸੀਏਸ਼ਨ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ ਹੈ ਅਤੇ ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਹੈ ਕੀ ਸਾਨੂੰ ਵੀ ਦੂਰੀ ਬਣਾ ਕੇ ਰੱਖਣਾ ਚਾਹੀਦੈ ਅਤੇ ਸੈਨੀਟਾਈਜ਼ਰ ਕਰਦੇ ਰਹਿਣਾ ਚਾਹੀਦਾ ਹੈ। ਦੁਕਾਨਦਾਰਾਂ ਨੂੰ ਅਪੀਲ ਕੀਤੀ ਹੈ ਕਿ ਹਰ ਵਿਅਕਤੀ ਆਪਣੀ ਦੁਕਾਨ ਤੇ ਸੈਨੀਟਾਈਜ਼ਰ ਜ਼ਰੂਰ ਰੱਖਣ ਅਤੇ ਨਾਲ ਮਾਸਕ ਦੀ ਵਰਤੋਂ ਕਰੇ ਜੋ ਕਿ ਇਸ ਭੈੜੀ ਬਿਮਾਰੀ ਨਾਲ ਲੜਿਆ ਜਾ ਸਕੇ। ਇਹ ਵੀ ਕਿਹਾ ਹੈ ਹਰ ਇਕ ਵਿਅਕਤੀ ਨੂੰ ਕਰੋਨਾ ਦਾ ਟੀਕਾ ਲਗਵਾਉਣਾ ਚਾਹੀਦਾ ਹੈ ਜਿਸ ਕਾਰਨ ਕਰੋਨਾ ਵਰਗੀ ਭੈੜੀ ਬਿਮਾਰੀ ਨਾ ਲੜਿਆ ਜਾ ਸਕੇ।

# ਰਾਜਕਰਨ ਬੈਦਵਾਨ ਐਨ ਐਸ ਯੂ ਆਈ ਪੰਜਾਬ ਦੇ ਜਨਰਲ ਸੱਕਤਰ ਨਿਯੁਕਤ

**ਮੁਹਾਲੀ (ਅੰਮ੍ਰਿਤਪਾਲ ਸਿੰਘ ਸਫ਼ਰੀ)** ਰਾਜਕਰਨ ਬੈਦੱਵਾਨ, ਪੰਜਾਬ ਦੇ ਮੁਹਾਲੀ ਜ਼ਲ੍ਹਿੇ ਦੇ ਪਿੰਡ ਸੋਹਾਣਾ ਤੋਂ, ਐਨ ਐਸ ਯੂ ਆਈ ਪੰਜਾਬ ਦਾ ਜਨਰਲ ਸੱਕਤਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਐਨਐਸਯੂਆਈ ਪੰਜਾਬ ਦੇ ਸੂਬਾ ਪ੍ਰਧਾਨ ਅਕਸ਼ੇ ਸ਼ਰਮਾ ਨੇ ਪਹਿਲਾਂ ਕੀਤੇ ਕੰਮ ਦੇ ਅਧਾਰ ਤੇ ਕੀਤੀ ਸੀ।

ਬੈਦਵਾਨ 2016 ਤੋਂ ਹੀ ਵਿਦਿਆਰਥੀ ਰਾਜਨੀਤੀ ਵਿੱਚ ਸਰਗਰਮ ਹਨ। ਵਿਦਿਆਰਥੀ ਰਾਜਨੀਤੀ ਵਿੱਚ ਆਪਣੇ ਕੈਰੀਅਰ ਦੀ ਸ਼ੁਰੂਆਤ ਐਸ ਡੀ ਕਾਲਜ ਤੋਂ ਕੀਤੀ ਜਿੱਥੇ ਉਸਨੇ ਰਾਸ਼ਟਰਪਤੀ ਦੇ ਅਹੁਦੇ ਉੱਤੇ ਚੋਣ ਲੜੀ। ਉਹ ਪੰਜਾਬ ਯੂਨੀਵਰਸਿਟੀ ਵਿੱਚ ਵੀ ਇੱਕ ਸਰਗਰਮ ਵਿਦਿਆਰਥੀ ਆਗੂ ਰਿਹਾ ਹੈ। ਬਹੁਤ ਸਾਰੇ ਮੌਕਿਆਂ ਤੇ, ਬੈਦਵਾਨ ਲੋਕਾਂ ਦੀ ਸਹਾਇਤਾ ਕਰਦੇ ਹੋਏ ਵੇਖੇ ਗਏ ਹਨ ਜਦੋਂ ਕਿ ਉਹ ਦੇਸ਼ ਵਿੱਚ ਚੱਲ ਰਹੇ ਕੋਰੋਨਾ ਮਹਾਂਮਾਰੀ ਦੌਰਾਨ ਤਾਲਾਬੰਦੀ ਦੇ ਮਾੜੇ ਪ੍ਰਭਾਵਾਂ ਤੋਂ ਪੀੜਤ ਸਨ। ਉਸ ਨਾਲ ਗੱਲਬਾਤ ਕਰਦਿਆਂ, ਉਹਨਾ ਨੇ ਕਿਹਾ ਕਿ ਉਹ ਰੱਬ, ਆਪਣੇ ਪਰਿਵਾਰ ਅਤੇ ਆਪਣੇ ਦੋਸਤਾਂ ਦੇ ਸ਼ੁਕਰਗੁਜ਼ਾਰ ਹਨ, ਜਿਨ੍ਹਾਂ ਨੇ ਜ਼ਿੰਦਗੀ ਵਿਚ ਹਮੇਸ਼ਾਂ ਉਹਨਾ ਸਮਰਥਨ ਕੀਤਾ ਹੈ। ਵਿਦਿਆਰਥੀ ਸਮਾਜ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ ਅਤੇ ਦੇਸ਼ ਵਿੱਚ ਲੀਡਰਸ਼ਿਪ ਦੇ ਸੰਕਟ ਨੂੰ ਵੇਖਦਿਆਂ, ਇਹ ਮਹੱਤਵਪੂਰਨ ਹੈ ਕਿ ਵੱਧ ਤੋਂ ਵੱਧ ਵਿਦਿਆਰਥੀ ਰਾਜਨੀਤੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਤਾਂ ਜੋ ਸਾਡੇ ਆਸਪਾਸ ਇੱਕ ਸਕਾਰਾਤਮਕ ਤਬਦੀਲੀ ਆ ਸਕੇ।

ਉਹਨਾ ਨੇ ਆਪਣੀ ਡਿਊਟੀ ਆਪਣੀ ਸਰਵਉੱਤਮ ਸੰਭਾਵਨਾ ਅਨੁਸਾਰ ਨਿਭਾਉਣ ਦਾ ਵੀ ਭਰੋਸਾ ਦਿੱਤਾ ਅਤੇ ਆਪਣੇ ਕਾਰਜਕਾਲ ਦੌਰਾਨ ਮਹੱਤਵਪੂਰਨ ਸੁਧਾਰ ਲਿਆਉਣ ਦੀ ਕਾਮਨਾ ਕੀਤੀ।

# ਸੁਪਰੀਮ ਕੋਰਟ ਨੇ ਕਿਹਾ: ਹਾਈ ਕੋਰਟਾਂ ਉਹ ਆਦੇਸ਼ ਨਾ ਦੇਣ, ਜਿਨ੍ਹਾਂ ਉੱਤੇ ਅਮਲ ਨਾ ਹੋ ਸਕੇ

**ਨਵੀਂ ਦਿੱਲੀ (ਪੋਸਟ ਬਿਊਰੋ)–** ਉਤਰ ਪ੍ਰਦੇਸ਼ ਦੇ ਛੋਟੇ ਕਸਬਿਆਂ ਅਤੇ ਪਿੰਡਾਂ ਵਿੱਚ ਇਲਾਜ ਦੀਆਂ ਸਹੂਲਤਾਂ ਵਧਾਉਣ ਬਾਰੇ ਇਲਾਹਾਬਾਦ ਹਾਈ ਕੋਰਟ ਦੇ 17 ਮਈ ਦੇ ਹੁਕਮ ਉੱਤੇ ਸੁਪਰੀਮ ਕੋਰਟ ਨੇ ਅੰਤ੍ਰਿਮ ਰੋਕ ਲਾ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟ ਨੂੰ ਆਦੇਸ਼ ਦਿੰਦੇ ਸਮੇਂ ਉਸਦੇ ਅਮਲ ਦੀਆਂ ਸੰਭਾਵਨਾਵਾਂਬਾਰੇ ਵੀ ਸੋਚਣਾ ਚਾਹੀਦਾ ਹੈ ਅਤੇ ਅਜਿਹੇ ਆਦੇਸ਼ ਨਹੀਂ ਦੇਣੇ ਚਾਹੀਦੇ, ਜਿਨ੍ਹਾਂ ਉੱਤੇ ਅਮਲ ਸੰਭਵ ਨਾ ਹੋਵੇ।



ਇਲਾਹਾਬਾਦ ਹਾਈ ਕੋਰਟ ਨੇ ਇਲਾਜ ਦੇ ਪ੍ਰਬੰਧਾਂਅਤੇ ਟੀਕਾਕਰਨ ਉੱਤੇ ਵਿਸਥਾਰਤ ਆਦੇਸ਼ ਦਿੱਤੇ ਸਨ, ਜਿਨ੍ਹਾਂ ਉੱਤੇ ਅਮਲ ਨੂੰ ਮੁਸ਼ਕਲ ਦੱਸਦੇ ਹੋਏ ਰਾਜ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਕੱਲ੍ਹ ਜਸਟਿਸ ਵਿਨੀਤ ਸਰਨ ਅਤੇ ਜਸਟਿਸ ਬੀਆਰ ਗਵਈ ਦੇ ਬੈਂਚ ਨੇ ਆਦੇਸ਼ ਉੱਤੇ ਅੰਤ੍ਰਿਮ ਰੋਕ ਲਾ ਦਿੱਤੀ, ਪਰ ਚੱਲਦੀ ਸੁਣਵਾਈ ਉੱਤੇ ਰੋਕ ਨਹੀਂ ਲਾਈ। ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟ ਦੇ 17 ਮਈ ਦੇ ਹੁਕਮ ਉੱਤੇ ਰੋਕ ਨਹੀਂ, ਬਲਕਿ ਸਲਾਹ ਦੇ ਤੌਰ ਉੱਤੇ ਮੰਨਿਆ ਜਾਵੇਗਾ। ਹਾਈ ਕੋਰਟ ਨੇ ਕਿਹਾ ਹੈ ਕਿ 'ਬੀ' ਅਤੇ 'ਸੀ' ਸ਼੍ਰੇਣੀ ਦੇ ਸਾਰੇ ਸ਼ਹਿਰਾਂ ਵਿੱਚ 20 ਐਂਬੂਲੈਂਸਾਂ ਅਤੇ ਹਰ ਪਿੰਡ ਵਿੱਚ ਆਈਸੀਯੂ ਨਾਲ ਲੈਸ ਦੋ ਐਂਬੂਲੈਂਸਾਂ ਇੱਕ ਮਹੀਨੇ ਵਿੱਚਪੁਚਾਈਆਂ ਜਾਣ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ 97 ਹਜ਼ਾਰ ਪਿੰਡ ਹਨ, ਇਸ ਲਈ ਇਸ ਆਦੇਸ਼ ਉੱਤੇ ਅਮਲ ਸੰਭਵ ਨਹੀਂ ਹੈ। ਸਰਕਾਰ ਮੰਨਦੀ ਹੈ ਕਿ ਹਾਈ ਕੋਰਟ ਜਨਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਕੋਰੋਨਾ ਕੇਸਾਂ ਦੀ ਸੁਣਵਾਈ ਕਰ ਰਹੀ ਹੈ, ਸਰਕਾਰ ਹਰ ਤਰ੍ਹਾਂ ਉਸ ਵਿੱਚ ਸਹਿਯੋਗ ਕਰਦੀ ਹੈ ਤੇ ਕੋਰਟ ਦੇ ਆਦੇਸ਼ਾਂ ਉੱਤੇ ਅਮਲ ਬਾਰੇ ਵਚਨਬੱਧ ਹੈ ਪਰ ਹਾਈ ਕੋਰਟ ਨੇ ਆਦੇਸ਼ ਦਿੱਤਾ ਹੈ ਕਿ ਮੈਡੀਕਲ ਕੰਪਨੀਆਂ ਵੈਕਸੀਨ ਦਾ ਫਾਰਮੂਲਾ ਲੈ ਕੇ ਵੈਕਸੀਨ ਉਤਪਾਦਨ ਕਰਨ, ਇਹ ਕਿਵੇਂ ਸੰਭਵ ਹੈ। ਕਈ ਕੇਸਾਂ ਵਿੱਚ ਵੈਕਸੀਨ ਪੇਟੈਂਟ ਕਾਨੂੰਨ ਵਿੱਚ ਆਉਂਦੀ ਹੈ।ਮਹਿਤਾ ਨੇ ਕਿਹਾ ਕਿ ਹਾਈ ਕੋਰਟ ਨੇ ਰਾਜ ਦੀਆਂ ਸਿਹਤ ਸੇਵਾਵਾਂ ਨੂੰ ਰਾਮ ਭਰੋਸੇ ਕਿਹਾ ਹੈ, ਇਹ ਟਿੱਪਣੀ ਡਾਕਟਰਾਂ ਅਤੇ ਸਿਹਤ ਕਾਮਿਆਂ ਦਾ ਹੌਸਲਾ ਢਾਹੁਣ ਤੇ ਲੋਕਾਂ ਵਿੱਚ ਚਿੰਤਾ ਪੈਦਾ ਕਰਨ ਵਾਲੀ ਹੈ। ਉਹ ਹਾਈ ਕੋਰਟ ਦੀ ਚਿੰਤਾ ਸਮਝਦੇ ਹਨ, ਪਰ ਕੋਰਟ ਨੂੰ ਵੀ ਨਿਆਂ ਵਾਲਾ ਸੰਜਮ ਵਰਤਣਾ ਚਾਹੀਦਾ ਹੈ। ਮਹਿਤਾ ਨੇ ਕਿਹਾ ਕਿ ਇਹ ਮਾਮਲਾ ਬਹੁਤ ਮਹੱਤਵਪੂਰਨ ਹੈ ਤੇ ਅਜਿਹੇ ਮਾਮਲੇ ਹੋਰ ਹਾਈ ਕੋਰਟਾਂ ਵਿੱਚ ਵੀ ਚੱਲ ਰਹੇ ਹਨ, ਇਸ ਲਈ ਚੰਗਾ ਹੋਵੇਗਾ ਕਿ ਕੋਰਟ ਨਿਰਦੇਸ਼ ਦੇਵੇ ਕਿ ਇਹ ਮਾਮਲੇ ਹਾਈ ਕੋਰਟਾਂ ਵਿੱਚ ਚੀਫ਼ ਜਸਟਿਸ ਦੇ ਬੈਂਚ ਹੀ ਸੁਣਵਾਈ ਕਰਨ।

# ਪੰਜਾਬ 'ਚ ਪੈਂਦੇ ਸਕੂਲਾਂ '24 ਮਈ ਤੋਂ 23 ਜੂਨ ਤੱਕ ਗਰਮੀਆਂ ਦੀਆਂ ਛੁੱਟੀਆਂ

**ਨਕੋਦਰ(ਟੋਨੀ/ਵਰੁਣ)** ਪੰਜਾਬ ਸਕੂਲ ਸਿੱਖਿਆ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਸੂਬੇ ' ਚ ਪੈਂਦੇ ਸਰਕਾਰੀ, ਅਰਧ- ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਸਕੂਲਾਂ ' ਚ ਪੜ੍ਹਾਈ ਕਰ ਰਹੇ ਬੱਚਿਆਂ ਨੂੰ 24 ਮਈ ਤੋਂ 23 ਜੂਨ ਤੱਕ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਅੰਦਰ ਕੋਵਿਡ - 19 ਮਹਾਮਾਰੀ ਦੇ ਵੱਧਦੇ ਪ੍ਰਕੋਪ ਨੂੰ ਮੁੱਖ ਰੱਖਦਿਆਂ ਵਿਦਿਅਕ ਅਦਾਰੇ ਸੰਸਥਾਂਵਾਂ ਵਿਦਿਆਰਥੀਆਂ ਲਈ ਪਹਿਲਾਂ ਹੀ ਬੰਦ ਕੀਤੀਆਂ ਗਈਆਂ ਸਨ ਅਤੇ ਹੁਣ ਸਕੂਲੀ ਬੱਚਿਆਂ ਦੇ ਨਾਲ ਨਾਲ ਸਕੂਲ ਅਧਿਆਪਕਾਂ ਅਤੇ ਹੋਰ ਸਟਾਫ਼ ਨੂੰ ਵੀ ਇੱਕ ਮਹੀਨੇ ਲਈ ਗਰਮੀਆਂ ਦੀਆਂ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਇਸ ਕੋਰੋਨਾ ਮਹਾਮਾਰੀ ਦੌਰਾਨ ਪੰਜਾਬ ਦੀ ਸਮੂਹ ਜਨਤਾ ਨੂੰ ਸੁਰੱਖਿਅਤ ਰੱਖਣ ਲਈ ਲਗਾਤਾਰ ਸਾਵਧਾਨੀਆਂ ਵਰਤਣ ਦੇ ਨਾਲ ਨਾਲ ਸਮੇਂ ਸਮੇਂ ਸਿਰ ਲੋੜੀਂਦੇ ਕਦਮ ਚੁੱਕ ਰਹੀ ਹੈ, ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਲਈ ਨੂੰ ਯਕੀਨੀ ਬਨਾਉਣ ਲਈ ਜਰੂਰੀ ਕਦਮ ਚੁਕਣ ਤੋਂ ਇਲਾਵਾ ਉਨ੍ਹਾਂ ਦੀ ਸਰਕਾਰ ਨੇ ਸੂਬੇ ਦੇ ਅੰਦਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁਕਣ ਲਈ ਸ਼ਖ਼ਤ ਮੇਹਨਤ ਕੀਤੀ ਜੋ ਸਕੂਲਾਂ ਦੇ ਦਾਖਲਿਆਂ ਵਿੱਚ ਵਾਧਾ ਅਤੇ ਨਤੀਜੀਆਂ ਵਿੱਚ ਸੁਧਾਰ ਤੋਂ ਪ੍ਰਤੀਤ ਹੁੰਦਾ ਹੈ। ਕੈਬਨਿਟ ਮੰਤਰੀ ਸਿੰਗਲਾ ਨੇ ਇਹ ਵੀ ਦੱਸਿਆ ਕਿ ਕੋਵਿਡ - 19 ਮਹਾਮਾਰੀ ਦੇ ਕਾਰਣ ਪਿੱਛਲੇ ਸਾਲ ਤੋਂ ਸੂਬਾ ਭਰ ਦੇ ਸਕੂਲ ਬੰਦ ਹੋਣ ਦੇ ਬਾਵਜੂਦ ਸਿੱਖਿਆ ਵਿਭਾਗ ਦੇ ਅਧਿਆਪਕਾਂ ਨੇ ਮੋਬਾਇਲ ਐਪਲੀਕੇਸ਼ਨਾ, ਟੀ. ਵੀ ਚੈਨਲਾਂ ਸਮੇਤ ਵੱਖ ਵੱਖ ਆਨਲਾਈਨ ਮਾਧਿਅਮਾਂ ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਕਰਾਉਣ" ਚ ਅਹਿਮ ਸਹਾਇਤਾ ਦੇ ਨਾਲ ਪੜ੍ਹਾਈ ਕਰਾਈ। ਉਨ੍ਹਾਂ ਅੱਗੇ ਕਿਹਾ, ਕਿ ਇਸ ਸਾਲ ਵੀ ਅਧਿਆਪਕ ਬੱਚਿਆਂ ਨੂੰ ਸਕੂਲੀ ਸਿਲੇਬਸ ਮੁਕੰਮਲ ਤੌਰ ਤੇ ਆਨਲਾਈਨ ਪੂਰਾ ਕਰਾਉਣ ' ਚ ਹਰ ਸੰਭਵ ਸਹਾਇਤਾ ਕਰ ਰਹੇ ਹਨ। ਆਖਿਰ ਵਿੱਚ ਸਿੱਖਿਆ ਮੰਤਰੀ ਨੇ ਅਧਿਆਪਕਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਉਹ ਛੁੱਟੀਆਂ ਦੇ ਦਰਮਿਆਨ ਬੱਚਿਆਂ ਨਾਲ ਹਰ ਤਰ੍ਹਾਂ ਦਾ ਤਾਲਮੇਲ ਬਣਾਕੇ ਰੱਖਣ ਅਤੇ ਬੱਚਿਆਂ ਦੇ ਮਾਪਿਆਂ ਨੂੰ ਕੋਰੋਨਾ ਵਾਇਰਸ ਨੂੰ ਰੋਕਣ ਲਈ ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਸਬੰਧੀ ਜਾਗਰੂਕ ਸਮੇਂ ਸਮੇਂ ਸਿਰ ਕਰਨ।

# ਗੰਦੇ ਪਾਣੀ ਦਾ ਨਿਕਾਸ ਨਾ ਹੋਣ ਦੀ ਸਮੱਸਿਆ ਨਾਲ ਜੂਝ ਰਹੇ ਮਜ਼ਦੂਰਾਂ ਵਲੋਂ ਐੱਸ ਸੀ ਕਮਿਸ਼ਨ ਤੋਂ ਮਦਦ ਦੀ ਮੰਗ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਨੇੜਲੇ ਪਿੰਡ ਸਰਾਏਖਾਸ ਦੇ ਦਲਿਤ ਪਰਿਵਾਰਾਂ ਨੇ ਪਿੰਡ ਦੀ ਪੰਚਾਇਤ, ਜ਼ਲ੍ਹਿਾ ਪ੍ਰਸ਼ਾਸਨ ਨੂੰ ਵਾਰ ਵਾਰ ਬੇਨਤੀਆਂ ਕਰਨ ਉਪਰੰਤ ਅੱਜ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨਾਲ ਮੀਟਿੰਗ ਕਰਕੇ ਗੰਦੇ ਪਾਣੀ ਦੇ ਨਿਕਾਸ ਦੀ ਸਮੱਸਿਆ ਦੇ ਹੱਲ ਲਈ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਤੋਂ ਮਦਦ ਦੀ ਮੰਗ ਕੀਤੀ ਹੈ।

ਇਸ ਮੌਕੇ ਪੀੜਤ ਪ੍ਰਵੀਨ, ਮੀਨੂ, ਪ੍ਰੀਤਮ ਕੌਰ,ਮਿੰਟੂ ਅਤੇ ਹੋਰਾਂ ਨੇ ਦੱਸਿਆ ਕਿ ਉਹ ਇਹਨਾਂ ਘਰਾਂ ਵਿੱਚ ਪਿਛਲੇ 12 ਸਾਲ ਤੋਂ ਵੀ ਵੱਧ ਸਮੇਂ ਤੋਂ ਇੱਥੇ ਰਹਿ ਰਹੇ ਹਨ। ਪਿਛਲੀ ਪੰਚਾਇਤ ਨੇ ਸਾਡੀ ਗਲੀ ਵਿੱਚ ਇੱਟਾਂ ਜ਼ਰੂਰ ਲਗਵਾ ਦਿੱਤੀਆਂ,ਪੀਣ ਵਾਲੇ ਪਾਣੀ ਦੇ ਪਾਇਪ ਪਾ ਕੇ ਪਾਣੀ ਦੀ ਸਪਲਾਈ ਵੀ ਸ਼ੁਰੂ ਕਰਵਾ ਦਿੱਤੀ ਪਰੰਤੂ ਅੱਜ ਤੱਕ ਕਿਸੇ ਵੀ ਪੰਚਾਇਤ ਵਲੋਂ ਸਾਡੇ ਘਰਾਂ ਦੇ ਗੰਦੇ ਪਾਣੀ ਦੇ ਨਿਕਾਸ ਲਈ ਕੋਈ ਵੀ ਪ੍ਰਬੰਧ ਨਹੀਂ ਕੀਤਾ,ਨਾ ਤਾਂ ਗੰਦੇ ਪਾਣੀ ਦੇ ਨਿਕਾਸ ਲਈ ਨਾਲੀਆਂ ਬਣਵਾਈਆਂ ਅਤੇ ਨਾ ਹੀ ਸੀਵਰੇਜ ਪਾਇਆ। ਅਸੀਂ ਗੰਦੇ ਪਾਣੀ ਦਾ ਨਿਕਾਸ ਕਰਵਾਉਣ ਲਈ ਪਿੰਡ ਦੀ ਪੰਚਾਇਤ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਜਲੰਧਰ ਪੱਛਮੀ, ਜ਼ਲ੍ਹਿਾ ਵਿਕਾਸ ਅਤੇ ਪੰਚ-ਾਇਤ ਅਫ਼ਸਰ ਅਤੇ ਡਿਪਟੀ ਕਮਿਸ਼ਨਰ ਜਲੰਧਰ ਤੱਕ ਫਰਿਆਦ ਕਰ ਚੁੱਕੇ ਹਾਂ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਬੀਤੇ ਪਿਛਲੇ ਸਾਲ ਕੀਤੇ ਮੁਜ਼ਾਹਰੇ ਉਪਰੰਤ ਪ੍ਰਸ਼ਾਸਨ ਦੇ ਦਖ਼ਲ ਨਾਲ ਬਲਾਕ ਜਲੰਧਰ ਪੱਛਮੀ ਦੇ ਪੰਚਾਇਤੀ ਰਾਜ ਜੇ.ਈ.ਅਸਵਨੀ ਗੇਰਾ ਵਲੋਂ ਮੌਕਾ ਵੇਖ ਕੇ ਐਸਟੀਮੇਟ ਬਣਾ ਦਿੱਤਾ ਗਿਆ ਅਤੇ ਪੰਚਾਇਤ ਵਲੋਂ ਮਤਾ ਵੀ ਪਾਸ ਕਰ ਦਿੱਤਾ ਗਿਆ।ਅਖੇ "ਸਰਕਾਰਾਂ ਦਾ ਕਿਹਾ ਸਿਰ ਮੱਥੇ ਪਰ ਪਰਨਾਲਾ ਉੱਥੇ ਦਾ ਉੱਥੇ" ਵਾਲੀ ਕਹਾਵਤ ਵਾਂਗ ਕਈ ਮਹੀਨੇ ਬੀਤਣ ਬਾਅਦ ਵੀ ਉਹਨਾਂ ਦੀ ਸਮੱਸਿਆ ਹੱਲ ਨਹੀਂ ਹੋਈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਪ੍ਰਸ਼ਾਸਨ ਤੇ ਸਰਕਾਰ ਕਰੋਨਾ ਬੀਮਾਰੀ ਤੋਂ ਬਚਾਅ ਲਈ ਸਫ਼ਾਈ ਆਦਿ ਧਿਆਨ ਰੱਖਣ ਦੀਆਂ ਨਸੀਹਤਾਂ ਦਿੰਦੀ ਥੱਕਦੀ ਨਹੀਂ ਅਤੇ ਦੂਜੇ ਪਾਸੇ ਅਸੀਂ ਨਰਕ ਭਰੀ ਜ਼ਿੰਦਗੀ ਜੀਅ ਰਹੇ ਹਾਂ। ਸਾਡੇ ਘਰਾਂ ਅੱਗੇ ਜਮਾਂ ਗੰਦਾ ਪਾਣੀ ਬਦਬੂ ਮਾਰ ਰਿਹਾ,ਪਣਪੇ ਮੱਛਰ ਕਈ ਤਰ੍ਹਾਂ ਦੀਆਂ ਬੀਮਾਰੀਆਂ ਨੂੰ ਸੱਦੇ ਦੇ ਰਹੇ ਹਨ,ਗੰਦਗੀ ਵੇਖ ਕੇ ਜਲਦ ਕੀਤੇ ਸਾਡੇ ਰਿਸ਼ਤੇਦਾਰ ਵੀ ਸਾਨੂੰ ਮਿਲਣ ਨਹੀਂ ਆਉਂਦੇ। ਸਰਕਾਰ ਅਤੇ ਪ੍ਰਸ਼ਾਸਨ ਪਤਾ ਨਹੀਂ ਸਾਡੇ ਤੋਂ ਕਿਸ ਜਨਮ ਦਾ ਬਦਲਾ ਲੈ ਰਿਹਾ। ਉਨ੍ਹਾਂ ਨੇ ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਭੇਜੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਕਿ ਸਾਡੇ ਜਾਤੀ ਭੇਦ-ਭਾਵ ਦੇ ਕਾਰਨ ਸਾਡੇ ਘਰਾਂ ਦੇ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਨੇ ਉਹਨਾਂ ਦੇ ਅਧਿਕਾਰਾਂ ਦੀ ਸੁਰੱਖਿਆ ਕਰਦਿਆਂ ਕਮਿਸ਼ਨ ਤੋਂ ਇਸ ਮਸਲੇ ਦੇ ਹੱਲ ਨਹੀਂ ਮਦਦ ਦੀ ਮੰਗ ਕੀਤੀ ਹੈ।

ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਵੀ ਪਿੰਡ ਦੀ ਪੰਚਾਇਤ ਅਤੇ ਪ੍ਰਸ਼ਾਸਨ ਤੋਂ ਮਸਲੇ ਨੂੰ ਤੁਰੰਤ ਹੱਲ ਕਰਨ ਦੀ ਮੰਗ ਕੀਤੀ ਹੈ।

# ਵਾਤਾਵਰਣ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਨੂੰ ਪੌਦੇ ਲਗਾ ਕੇ ਦਿੱਤੀ ਸ਼ਰਧਾਂਜਲੀ




**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਪ੍ਰਿਥਵੀ ਵੈਲਫੇਅਰ ਸੁਸਾਇਟੀ ਵੱਲੋਂ ਅੱਜ ਪਦਮ ਵੀਭੂਸ਼ਣ ਵਾਤਾਵਰਣ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਨੂੰ ਕਰਤਾਰਪੁਰ ਵਿਖੇ ਵੱਖ ਵੱਖ ਥਾਵਾਂ ਤੇ ਪੌਦੇ ਲਗਾ ਕੇ ਸ਼ਰਧਾਂਜਲੀ ਦਿੱਤੀ ਗਈ। ਜਿਸ ਦੇ ਵਾਰਡ ਨੰਬਰ 13 ਦੇ ਕੌਂਸਲਰ ਸੁਰਿੰਦਰ ਪਾਲ ਵੱਲੋਂ ਚੰਦਨ ਨਗਰ ਵਿਖੇ ਖੁੱਲੇ ਮੈਦਾਨ ਵਿੱਚ 25 ਪੌਦੇ ਛਾਂਦਾਰ, ਫੱਲਾਂ ਅਤੇ ਫੁੱਲਾਂ ਦੇ ਲਗਾਉਣ ਲਈ ਆਪਣੇ ਸਮਾਜ ਸੇਵੀ ਸੱਜਣਾ ਨੂੰ ਨਾਲ ਲੈ ਕੇ ਜਗਾ ਸਾਫ ਕੀਤੀ ਗਈ। ਉਪਰੰਤ ਵਿਸ਼ੇਸ਼ ਤੋਰ ਤੇ ਪੁੱਜੇ ਓਲੰਪਿਅਨ ਤੇ ਸਾਬਕਾ ਆਈ ਜੀ ਪਦਮ ਵਿਭੂਸ਼ਨ ਪਹਿ-ਲਵਾਨ ਕਰਤਾਰ ਸਿੰਘ ਵੱਲੋਂ ਪ੍ਰਿਥਵੀ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰਾਂ ਨੂੰ ਨਾਲ ਲੈ ਕੇ ਪੌਦੇ ਲਗਾਏ ਗਏ। ਇਸ ਮੌਕੇ ਤੇ ਪਹਿਲਵਾਨ ਕਰਤਾਰ ਸਿੰਘ ਨੇ ਅਪੀਲ ਕੀਤੀ ਕਿ ਸਾਨੂੰ ਸਭ ਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਲੋੜ ਹੈ ਤਾਂ ਕਿ ਜੋ ਆਕਸੀਜਨ ਸਾਨੂੰ ਹੁਣ ਮੁੱਲ ਲੈਣੀ ਪੈ ਰਹੀ ਇਸ ਦੀ ਲੋੜ ਸਾਨੂੰ ਲਗਾਏ ਹੋਏ ਪੌਦਿਆਂ ਦੀ ਸਾਂਭ ਸੰਭਾਲ ਕਰਕੇ ਹੀ ਪੂਰੀ ਕੀਤੀ ਜਾ ਸਕੇ। ਨੌਜਵਾਨਾਂ ਨੂੰ ਖਾਸ ਤੋਰ ਤੇ ਅਪੀਲ ਕੀਤੀ ਹੈ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ। ਇਸ ਮੌਕੇ ਤੇ ਪ੍ਰਿਥਵੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਿੰਦਰ ਸਿੰਘ ਜੀ ਨੇ ਸੁੰਦਰ ਲਾਲ ਬਹੁਗੁਣਾ ਜੀ ਦੇ 'ਚਿਪਕੋ ਅੰਦੋਲਨ' ਬਾਰੇ ਦੱਸਦਿਆਂ ਕਿਹਾ ਕਿ ਸੁੰਦਰ ਲਾਲ ਬਹੁਗੁਣਾ ਦਾ ਪੌਦਿਆਂ ਤੇ ਰੁੱਖਾਂ ਨਾਲ ਗੂੜਾ ਪ੍ਰੇਮ ਸੀ ਤੇ ਜਦੋਂ ਕੋਈ ਕਿਸੇ ਰੁੱਖ ਨੂੰ ਵੱਢਣ ਲਗਦਾ ਤਾਂ ਉਹ ਰੁੱਖ ਨੂੰ ਜੱਫਾ ਮਾਰ ਕੇ ਚਿਪਕ ਜਾਂਦੇ ਸੀ ਕਿ ਰੁੱਖ ਵੱਢਣ ਤੋਂ ਪਹਿਲਾਂ ਮੈਨੂੰ ਮੈਨੂੰ ਵੱਢ ਦਿਓ, ਜਿਸਤੋਂ ਚਿਪਕੋ ਅੰਦੋਲਨ ਸ਼ੁਰੂ ਕੀਤਾ ਗਿਆ ਸੀ ਅਤੇ ਅੱਜ ਜੋ ਵਿਸ਼ਵ ਚ ਮਹਾਂਮਾਰੀ ਦਾ ਮਾਹੌਲ ਚਲ ਰਿਹਾ ਹੈ ਉਸ ਦਾ ਮੁੱਖ ਕਾਰਨ ਵਾਤਾਵਰਨ ਦਾ ਸੰਤੁਲਨ ਖ਼ਰਾਬ ਹੋਣਾ ਹੈ। ਅੱਜ ਸਾਨੂੰ ਜ਼ਿੰਦਾ ਰਹਿਣ ਲਈ ਆਕਸੀਜਨ ਮੁੱਲ ਖ੍ਰੀਦਣੀ ਪੈ ਰਹੀ ਹੈ, ਜੇ ਸਮਾਂ ਰਹਿੰਦਿਆਂ ਅਸੀਂ ਵਾਤਾਵਰਨ ਦੀ ਸੰਭਾਲ ਨਾ ਕੀਤੀ ਤਾਂ ਮਨੁੱਖੀ ਜੀਵਨ ਨੂੰ ਹੋਰ ਮਹਾਂਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਮੌਕੇ ਕੌਂਸਲਰ ਸੁਰਿੰਦਰ ਪਾਲ ਨੇ ਛੋਟੇ ਬੱਚਿਆਂ ਨੂੰ ਪੌਦੇ ਲਗਵਾਉਣ ਲਈ ਪ੍ਰੇਰਿਤ ਕੀਤਾ ਅਤੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਹਰੇਕ ਬੱਚੇ ਨੂੰ ਇੱਕ ਸਾਲ ਚ ਘੱਟ ਤੋਂ ਘੱਟ 10 ਪੌਦੇ ਜ਼ਰੂਰ ਲਗਾਉਣੇ ਚਾਹੀਦੇ ਹਨ। ਇਸ ਮੌਕੇ ਵਾਤਾਵਰਣ ਦੀ ਸ਼ੁੱਧਤਾ ਲਈ ਆਪਣਾ ਯੋਗਦਾਨ ਦਿੰਦਿਆਂ ਪੰਜਾਬੀ ਗਾਇਕ ਦਲਵਿੰਦਰ ਦਿਆਲਪੁਰੀ ਤੇ ਹੋਰਾਂ ਵੱਲੋਂ 100 ਪੌਦਿਆਂ ਦੀ ਹੋਰ ਸੇਵਾ ਕੀਤੀ ਗਈ। ਇਸ ਮੌਕੇ ਪਹਿਲਵਾਨ ਕਰਤਾਰ ਸਿੰਘ, ਪ੍ਰਿਥਵੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਿੰਦਰ ਸਿੰਘ, ਕੌਂਸਲਰ ਸੁਰਿੰਦਰ ਪਾਲ, ਚਰਨਜੀਤ ਚੰਨੀ ਪੁਰੇਵਾਲ, ਰਾਜ ਕੁਮਾਰ ਜਲੰਧਰ ਕੈਂਟ, ਦਲਵਿੰਦਰ ਦਿਆਲਪੁਰੀ, ਮੋਹਨ ਲਾਲ ਅਹੀਰ, ਵਿਨੋਦ ਕੁਮਾਰ, ਵਿਜੇ ਕੁਮਾਰ, ਕੌਂਸਲਰ ਅਸ਼ੋਕ ਕੁਮਾਰ, ਵੀਰ ਕੁਮਾਰ, ਕੁਲਦੀਪ ਸਿੰਘ, ਚਰਨਜੀਤ ਸਿੰਘ, ਕ੍ਰਿਸ਼ਨ ਪਾਲ, ਰਾਕੇਸ਼ ਕੁਮਾਰ, ਵਿਜੇ ਕੁਮਾਰ,ਅਭੀ, ਪਰਮਜੀਤ ਸਿੰਘ, ਅਸ਼ੋਕ ਕੁਮਾਰ ਸਹੋਤਾ ਆਦਿ ਮੌਜੂਦ ਸਨ।

# ਪੱਤਰਕਾਰ ਮਨਜੀਤ ਮਾਨ ਨੂੰ ਸੱਦਮਾ ਸਹੁਰਾ ਜੀ ਦਾ ਦੇਹਾਂਤ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਜਰਨਲਿਸਟ ਪ੍ਰੈਸ ਕਲੱਬ( ਰਜਿ) ਪੰਜਾਬ ਦੇ ਪ੍ਰਧਾਨ ਪੱਤਰਕਾਰ ਮਨਜੀਤ ਮਾਨ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ ਜਦੋਂ ਉਹਨਾਂ ਦੇ ਪਿਤਾ ਸਮਾਨ ਸਹੁਰਾ ਜੀ ਮਲਕੀਤ ਸਿੰਘ ਗਿੱਲ ਦਾ ਅਚਾਨਕ ਸੰਖੇਪ ਬਿਮਾਰੀ ਤੋ ਬਾਅਦ ਉਹ ਅਕਾਲ ਚਲਾਣਾ ਕਰ ਗਏ।ਉਹਨਾਂ ਦਾ ਸੰਸਕਾਰ ਉਹਨਾਂ ਦੇ ਪਿੰਡ ਦੌਲਤ ਪੁਰ ਢੱਡਾ ਵਿਖੇ ਪਰਿਵਾਰ ਵੱਲੋਂ ਨਮ ਅੱਖਾਂ ਨਾਲ ਕਰ ਦਿੱਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ,ਵਿਧਾਇਕ ਰਾਣਾ ਗੁਰਜੀਤ ਸਿੰਘ,ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ,ਪ੍ਰੈੱਸ ਕਲੱਬ ਮੱਲੀਆਂ ਕਲਾ,ਕਰਤਾਰਪੁਰ ਪ੍ਰੈੱਸ ਕਲੱਬ ਤੋ ਇਲਾਵਾ ਇਲਾਕੇ ਦੀਆਂ ਰਾਜਨੀਤਕ, ਧਾਰਮਿਕ, ਸਮਾਜਿਕ ਆਗੂਆਂ ਵੱਲੋਂ ਪੱਤਰਕਾਰ ਮਨਜੀਤ ਮਾਨ ਨਾਲ ਦੁੱਖ ਪ੍ਰਗਟ ਕੀਤਾ ਗਿਆ।ਮਲਕੀਤ ਗਿੱਲ ਦੀ ਨਮਿਤ ਅੰਤਿਮ ਅਰਦਾਸ 30 ਮਈ ਦਿਨ ਐਤਵਾਰ ਦੁਪਹਿਰ 12 ਵਜੇ ਤੋ 1 ਵਜੇ ਤੱਕ ਉਹਨਾਂ ਦੇ ਗ੍ਰਹਿ ਪਿੰਡ ਦੌਲਤ ਪੁਰ ਢੱਡਾ ਨੇੜੇ ਮਲਸੀਆਂ ਵਿਖੇ ਹਵੇਗੀ ।

# ਨਵੀਂ ਸਬਜੀ ਮੰਡੀ ਵਿੱਚ ਸਫਾਈ ਦੇ ਠੇਕੇ ਦਾ ਕੰਮ ਸ਼ੁਰੂ

## ਚੇਅਰਮੈਨ ਅਰੋੜਾ ਨੇ ਕੀਤਾ ਉਦਘਾਟਨ



**ਕਰਤਾਰਪੁਰ( ਜਸਵੰਤ ਵਰਮਾ, ਦਿਨੇਸ਼ ਕੁਮਾਰ )** ਅੱਜ 23 ਮਈ ਨੂੰ ਨਵੀਂ ਸਬਜੀ ਮੰਡੀ ਮਕਸੂਦਾ ਜਲੰਧਰ ਵਿਖੇ 25 ਲੱਖ ਰੁਪਏ ਦੇ ਦਿੱਤੇ ਕਲਾਸ ਕੋਆਪ੍ਰੇਟਿਵ ਸੋਸਾਇਟੀ ਫਾਜਿਲਕਾ ਨੂੰ ਦਿੱਤੇ ਸਫਾਈ ਦੇ ਠੇਕੇ ਦੇ ਪਹਿਲੇ ਦਿਨ ਕੰਮ ਸ਼ੁਰੂ ਕਰਨ ਦਾ ਉਦਘਾਟਨ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜ ਕੁਮਾਰ ਅਰੋੜਾ ਨੇ ਕੀਤਾ।ਇਸ ਦੇ ਨਾਲ ਹੀ 10 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਦਾਣਾ ਮੰਡੀਜਲੰਧਰ ਦੇ ਸੀਵਰੇਜ ਦਾ ਕੰਮ ਵੀ ਕਰਵਾਇਆ ਗਿਆ।ਇਸ ਮੌਕੇ ਚੇਅਰਮੈਨ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਜਲਦੀ ਹੀ ਮਕਸੂਦਾਂ ਸਬਜੀ ਮੰਡੀ ਵਿੱਚ ਨਾਗਰਾ ਤੋ ਸਬਜੀ ਮੰਡੀ ਗੇਟ ਨੰਬਰ 2 ਤੱਕ ਕੰਕਰੀਟ ਵਾਲੀ ਸੜਕ ਬਣਾਈ ਜਾਵੇਗੀ। ਇਸ ਮੌਕੇ ਸੈਕਟਰੀ ਸੁਰਿੰਦਰ ਪਾਲ ਸ਼ਰਮਾ,ਐਸ ਡੀ ਉ ਬਲਦੇਵ ਰਾਜ,ਐਸ ਡੀ ਉ ਗੁਰਮੇਲ ਸਿੰਘ,ਰਛਪਾਲ ਸਿੰਘ ਬੱਬੂ, ਪ੍ਰਧਾਨ ਇੰਦਰਜੀਤ,ਹਰਵਿੰਦਰ ਸਿੰਘ ਪਿੰਟੂ ਤੇ ਹੋਰ ਹਾਜਰ ਸਨ।

# ਬਾਬਾ ਬਾਲਕ ਨਾਥ ਮੰਦਿਰ ਦੇ ਵਿੱਚ ਸਾਲਾਨਾ ਪੂਜਾ ਅਰਚਨਾ ਕਰਵਾਈ ਗਈ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਗੁਰਦੁਆਰਾ ਥੰਮ੍ਹ ਜੀ ਸਾਹਿਬ ਰੋਡ ਤੇ ਸਥਿਤ ਬਾਬਾ ਬਾਲਕ ਨਾਥ ਮੰਦਰ ਵਿਚ ਪੰਡਿਤ ਰਮੇਸ਼ ਸ਼ਰਮਾ ਦੀ ਦੇਖ ਰੇਖ ਵਿਚ ਸਾਲਾਨਾ ਪੂਜਾ ਪਾਠ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਪਹਿਲਾਂ ਪੂਜਾ ਅਰਚਨਾ ਕੀਤੀ ਗਈ ਅਤੇ ਕੰਜਕ ਪੂਜਨ ਵੀ ਕੀਤਾ ਗਿਆ। ਬਾਬਾ ਬਾਲਕ ਨਾਥ ਜੀ ਦੀ ਆਰਤੀ ਕਰ ਕੇ ਸਾਰੇ ਸ਼ਰਧਾਲੂਆਂ ਦੇ ਵਿਚ ਰੋਟ ਦਾ ਪ੍ਰਸ਼ਾਦ ਵੰਡਿਆ ਗਿਆ। ਕੋਵਿਡ -19 ਨੂੰ ਵੇਖਦੇ ਹੋਏ ਇਹ ਪ੍ਰੋਗਰਾਮ ਸੰਖੇਪ ਰੂਪ ਦੇ ਵਿੱਚ ਕਰਵਾਇਆ ਗਿਆ। ਇਸ ਮੌਕੇ ਤੇ ਸੁਦੇਸ਼ ਸ਼ਰਮਾ, ਅਵਧ ਸ਼ਰਮਾ, ਪੰਡਿਤ ਰਾਜੇਸ਼ ਸ਼ਰਮਾ, ਰਾਹੁਲ ਸ਼ਰਮਾ, ਵਰਿੰਦਰ ਸ਼ਰਮਾ, ਨਰਿੰਦਰ ਸ਼ਰਮਾ, ਰਜਨੀਸ਼ ਸ਼ਰਮਾ, ਪਰਵੀਨ ਸ਼ਰਮਾ, ਪ੍ਰਦੀਪ ਭੰਡਾਰੀ ਅਤੇ ਹੋਰ ਸ਼ਰਧਾਲੂ ਮੌਜੂਦ ਸਨ ।

# ਸੰਯੁਕਤ ਕਿਸਾਨ ਮੋਰਚੇ ਦਿੱਲੀ ਦੇ ਸੱਦੇ ਤੇ 26 ਮਈ ਨੂੰ ਵੱਡੇ ਪੱਧਰ ਤੇ ਮਨਾਇਆ ਜਾਵੇਗਾ ਕਾਲਾ ਦਿਨ: ਇੰਦਰਜੀਤ ਸਿੰਘ ਖਾਲਸਾ



**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਕਾਲ਼ੇ ਕਾਨੂੰਨ ਨੂੰ ਲੈਕੇ ਦਿੱਲੀ ਬਾਰਡਰ ਤੇ ਬੈਠੇ ਕਿਸਾਨਾਂ ਨੂੰ ਪੂਰੇ 6 ਮਹੀਨੇ ਹੋਣ ਅਤੇ ਮੋਦੀ ਸਰਕਾਰ ਦੇ 7 ਸਾਲ ਪੂਰੇ ਹੋਣ ਤੇ ਸਯੁੰਕਤ ਕਿਸਾਨ ਮੋਰਚਾ ਦਿੱਲੀ ਦੀਆਂ ਸਮੂਹ ਜਥੇਬੰਦੀਆਂ ਦੇ ਸੱਦੇ ਤੇ 26 ਮਈ ਨੂੰ ਵੱਡੇ ਪੱਧਰ ਤੇ ਕਾਲ਼ਾ ਦਿਨ ਮਨਾਇਆ ਜਾਵੇਗਾ।

ਇਸ ਗੱਲ ਦਾ ਪ੍ਰਗਟਾਵਾ ਸਰਦਾਰ ਇੰਦਰਜੀਤ ਸਿੰਘ ਖਾਲਸਾ ਬੀਕੇਯੂ ਡਕੌਂਦਾ ਕਾਦੀਆਂ ਕਿਸਾਨ ਯੂਨੀਅਨ ਮੁਕੇਰੀਆਂ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਸਰਦਾਰ ਇੰਦਰਜੀਤ ਸਿੰਘ ਖਾਲਸਾ ਜੀ ਨੇ ਕਿਹਾ ਇਸ ਦਿਨ ਮੁਕੇਰੀਆਂ ਦੇ ਹਰ ਪਿੰਡ ਦੇ ਘਰ ਘਰ ਵਿੱਚ ਕਾਲੇ ਝੰਡੇ ਲਗਾਏ ਜਾਣਗੇ ਅਤੇ ਸਿਵਲ ਹਸਪਤਾਲ ਮੁਕੇਰੀਆਂ ਦੇ ਚੌਂਕ ਵਿੱਚ ਮੋਦੀ ਦਾ ਪੁਤਲਾ ਫੂਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵੱਧ ਤੋਂ ਵੱਧ ਲੋਕ ਇਕੱਠੇ ਹੋ ਕੇ ਜ਼ਰੂਰ ਆਉਣ।

# ਜੰਡਿਆਲਾ ਗੁਰੂ ਦੀ ਉੱਘੀ ਸ਼ਖ਼ਸੀਅਤ ਸ੍ਰ: ਬਲਕਾਰ ਸਿੰਘ ਲੱਖਪਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ







**ਜੰਡਿਆਲਾ ਗੁਰੂ ( ਕੁਲਵੰਤ ਸਿੰਘ ਵਿਰਦੀ )** ਜੰਡਿਆਲਾ ਗੁਰੂ ਦੀ ਉੱਘੀ ਮਹਾਨ ਸਖਸ਼ੀਅਤ ਸ੍ਰ ਬਲਕਾਰ ਸਿੰਘ ਜਿਨ੍ਹਾਂ ਨੂੰ ਪਿਆਰ ਨਾਲ ਲੱਖਪਤੀ ਵੀ ਕਿਹਾ ਜਾਂਦਾ ਸੀ ਉਮਰ ਕਰੀਬ 62 ਸਾਲ ਬੀਤੀ ਰਾਤ ਇਸ ਸੰਸਾਰਿਕ ਯਾਤਰਾ ਨੂੰ ਪੂਰਾ ਕਰਦਿਆਂ ਹੋਇਆਂ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਕਿ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ ਇਸ ਦੁਖਦਾਈ ਖ਼ਬਰ ਨੂੰ ਸੁਣਦਿਆਂ ਹੀ ਸ਼ਹਿਰ ਵਿਚ ਸੋਗ ਦੀ ਲਹਿਰ ਪੈਦਾ ਹੋ ਗਈ । ਬਲਕਾਰ ਸਿੰਘ ਲੱਖਪਤੀ ਧਨਾਢ ਸਿਆਸਤਦਾਨ ਅਤੇ ਵੱਡੇ ਵੱਡੇ ਪ੍ਰਸ਼ਾਸ਼ਨਿਕ ਅਫਸਰਾਂ ਨਾਲ ਪ੍ਰੇਮ ਪਿਆਰ ਰੱਖਣ ਵਾਲੇ ਦੇ ਤੋਰ ਤੇ ਜਾਣੇ ਜਾਂਦੇ ਸਨ ਅਤੇ ਉਹਨਾਂ ਨੇ ਸ਼ਹਿਰ ਵਿਚ ਆਪਣੇ ਵਿਰੋਧੀਆਂ ਦੀਆਂ ਕਈ ਸਿਆਸੀ ਚਾਲਾਂ ਫੇਲ੍ਹ ਕਰਕੇ ਪ੍ਰਸਿੱਧੀ ਹਾਸਲ ਕੀਤੀ । ਕਿਸੇ ਸਮੇਂ ਅਕਾਲੀ ਦਲ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸਵਰਗਵਾਸੀ ਸ੍ਰ ਅਜੀਤ ਸਿੰਘ ਮਲਹੋਤਰਾ ਨੂੰ ਨਗਰ ਕੌਂਸਲ ਦਾ ਪ੍ਰਧਾਨ ਬਣਾਉਣ ਵਿਚ ਉਹਨਾਂ ਦਾ ਅਹਿਮ ਯੋਗਦਾਨ ਰਿਹਾ । ਇਹ ਜੰਡਿਆਲਾ ਨਗਰ ਕੌਂਸਲ ਦਾ ਪਹਿਲਾ ਸਮਾਂ ਸੀ ਜਦੋਂ ਕੋਈ ਅਕਾਲੀ ਦਲ ਦਾ ਬੰਦਾ ਪ੍ਰਧਾਨ ਦੀ ਕੁਰਸੀ ਤੇ ਬੈਠਾ ਸੀ । ਉਸ ਸਮੇਂ ਤੋਂ ਹੀ ਬਲਕਾਰ ਸਿੰਘ ਲੱਖਪਤੀ ਦਾ ਮਲਹੋਤਰਾ ਪਰਿਵਾਰ ਨਾਲ ਪਰਿਵਾਰਿਕ ਰਿਸ਼ਤਾ ਬਣ ਗਿਆ । ਅੱਜ ਉਹਨਾਂ ਦਾ ਅੰਤਿਮ ਸੰਸਕਾਰ ਗਊਸ਼ਾਲਾ ਰੋਡ ਸ਼ਮਸ਼ਾਨਘਾਟ ਕਰ ਦਿੱਤਾ ਗਿਆ । ਉਹ ਅਪਨੇ ਪਿੱਛੇ ਪਤਨੀ ਅਤੇ ਦੋ ਲੜਕੇ ਛੱਡ ਗਏ । ਦੱਸਿਆ ਜਾ ਰਿਹਾ ਹੈ ਕਿ ਉਹ ਅਪਨੇ ਕਿਸੇ ਜ਼ਮੀਨੀ ਵਿਵਾਦ ਨੂੰ ਲੈਕੇ 10-15 ਦਿਨ ਤੋਂ ਕਾਫੀ ਟੈਨਸ਼ਨ ਵਿਚ ਸਨ ਅਤੇ ਬੀਤੀ ਰਾਤ ਉਹਨਾਂ ਨੂੰ ਅਚਾਨਕ ਅਟੈਕ ਆ ਗਿਆ ਅਤੇ ਡਾਕਟਰਾਂ ਨੇ ਉਹਨਾਂ ਨੂੰ ਮਿਰਤਕ ਘੋਸ਼ਿਤ ਕਰ ਦਿੱਤਾ ।

# ਪੁਲਿਸ ਦੀ ਕਸਟੱਡੀ ਵਿੱਚ ਮੁਜਰਮ ਦੀ ਹਾਲਤ ਜਿਆਦਾ ਖਰਾਬ ਹੋਣ ਕਰਕੇ ਹੋਈ ਮੌਤ

## ਘਰਵਾਲਿਆਂ ਨੇ ਲਗਾਏ ਏ ਐਸ ਆਈ ਤੇ ਮੌਤ ਦੇ ਦੋਸ਼

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਜਾਣਕਾਰੀ ਮੁਤਾਬਕ ਸੰਦੀਪ ਪੁੱਤਰ ਜੋਰਾ ਵਾਸੀਆਂ ਖਲਚੀਆਂ ਜਦੀਦ ਤੇ ਮਿਤੀ 28-06-2019 ਨੂੰ 10 ਗ੍ਰਾਮ ਹੈਰੋਇਨ ਦਾ ਮੁਕੱਦਮਾ ਦਰਜ ਸੀ ਜਿਸਦੇ ਸੰਬੰਧ ਵਿੱਚ ਕੱਲ ਉਸਦਾ ਚਲਾਨ ਕੋਰਟ ਵਿੱਚ ਪੇਸ਼ ਕਰਨਾ ਸੀ ਜਿਸਦੇ ਸੰਬੰਧ ਵਿੱਚ ਏ ਐਸ ਆਈ ਸੁਖਵਿੰਦਰ ਸਿੰਘ ਦੋਸ਼ੀ ਸੰਦੀਪ ਨੂੰ ਉਸਦੇ ਘਰੋ ਕੱਲ੍ਹ ਲੈ ਕੇ ਆਇਆ ਸੀ ਜਿਸਦੀ ਹਾਲਤ ਜਿਆਦਾ ਖਰਾਬ ਹੋਣ ਕਰਕੇ ਉਸਨੂੰ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਦਾਖਿਲ ਕਰਵਾਇਆ ਗਿਆ ਸੀ ਜਿਥੇ ਕਿ ਇਲਾਜ ਦੌਰਾਨ ਦੋਸ਼ੀ ਸੰਦੀਪ ਦੀ ਮੌਤ ਹੋ ਗਈ। ਮ੍ਰਿਤਕ ਦੇ


ਮ੍ਰਿਤਕ ਦੀ ਪੁਰਾਣੀ ਫਾਇਲ ਫੋਟੋ

ਪਰਿਵਾਰ ਵਾਲਿਆਂ ਨੇ ਥਾਣਾ ਸਦਰ ਫਿਰੋਜ਼ਪੁਰ ਦਾ ਘਿਰਾਓ ਕਰਕੇ ਪੁਲਿਸ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਏ ਐਸ ਆਈ ਸੁਖਵਿੰਦਰ ਸਿੰਘ ਤੇ ਦੋਸ਼ੀ ਦੀ ਹੱਤਿਆ ਕਰਨ ਦੇ ਦੋਸ਼ ਵਿੱਚ ਇੰਨਸਾਫ ਦੀ ਮੰਗ ਕੀਤੀ। ਮ੍ਰਿਤਕ 4 ਬੱਚਿਆਂ ਦਾ ਬਾਪ ਸੀ ਤੇ ਦਿਹਾੜੀ ਕਰਕੇ ਆਪਣਾ ਘਰ ਦਾ ਗੁਜਾਰਾ ਕਰਦਾ ਸੀ। ਇਸ ਸੰਬੰਧੀ ਡੀ ਐਸ ਪੀ ਸ਼ਹਿਰ ਸ ਬਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਮ੍ਰਿਤਕ ਦੇ ਪਰਿਵਾਰ ਵਾਲਿਆਂ ਦੇ ਬਿਆਨਾਂ ਦੇ ਆਧਾਰ ਤੇ ਏ ਐਸ ਆਈ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# 48000 ਨਸ਼ੀਲੀਆਂ ਗੋਲੀਆਂ ਸਮੇਤ ਦੋਸ਼ੀ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ ):** ਥਾਣਾ ਘੱਲਖੁਰਦ ਦੀ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 48 ਹਜ਼ਾਰ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਐੱਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਮੰਗਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੀ ਸ਼ਾਮ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਪੁਲ ਸੂਆ ਘੱਲਖੁਰਦ ਵਿਖੇ ਮੌਜੂਦ ਸੀ ਤਾਂ ਦੋਸ਼ੀ ਹਰਬੰਸ ਸਿੰਘ ਗੱਬਰ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਕਾਕੂ ਵਾਲਾ ਮੋਟਰਸਾਈਕਲ ਸੀਟੀ 100 ਬਿਨ੍ਹਾ ਨੰਬਰੀ ਤੇ ਆ ਰਿਹਾ ਸੀ, ਜੋ ਪੁਲਿਸ ਪਾਰਟੀ ਨੂੰ ਵੇਖ ਕੇ ਇਕ ਦਮ ਘਬਰਾ ਗਿਆ ਤੇ ਪਿੱਛੇ ਮੁੜਣ ਲੱਗਾ ਤਾਂ ਪੁਲਿਸ ਪਾਰਟੀ ਵੱਲੋਂ ਦੋਸ਼ੀ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ ਇਸ ਕੋਲੋਂ 48 ਹਜ਼ਾਰ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਿਸ ਨੇ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਡਾਕਟਰ ਜੋੜੇ ਦਾ ਸ਼ਰਮਨਾਕ ਕਾਰਾ : ਡਿਲੀਵਰੀ ’ਚ ਵਰਤੀ ਲਾਪ੍ਰਵਾਹੀ, ਨਵਜੰਮੇ ਬੱਚੇ ਦੀ ਹੋਈ ਮੌਤ

**ਚੰਡੀਗੜ (ਦੀਪਕ ਸ਼ਰਮਾ)** ਲੁਧਿਆਣਾ ਦੇ ਇਕ ਨਿੱਜੀ ਹਸਪਤਾਲ ਦੇ ਡਾਕਟਰ ਜੋੜੇ ਨੇ ਜਨਾਨੀ ਦੀ ਡਿਲੀਵਰੀ ’ਚ ਲਾਪਰਵਾਹੀ ਵਰਤੀ, ਜਿਸ ਕਾਰਨ ਪੈਦਾ ਹੋਣ ਦੇ ਇਕ ਦਿਨ ਬਾਅਦ ਨਵਜੰਮੇ ਬੱਚੇ ਦੀ ਮੌਤ ਹੋ ਗਈ। ਬੀਮਾ ਕੰਪਨੀ ਨੇ ਹਸਪਤਾਲ ਦਾ ਸਾਥ ਦਿੱਤਾ। ਇਸ ਲਈ ਕੰਪਨੀ ਨੂੰ ਰਾਬਰ ਦਾ ਦੋਸ਼ੀ ਮੰਨਦਿਆਂ ਪੰਜਾਬ ਸਟੇਟ ਕੰਜ਼ਿਊਮਰ ਰਿਡਰੈਸਲ ਕਮਿਸ਼ਨ ਨੇ ਡਾਕਟਰ ਪਤੀ-ਪਤਨੀ ਅਤੇ ਬੀਮਾ ਕੰਪਨੀ ਨੂੰ ਪਟੀਸ਼ਨਰ ਧਿਰ ਨੂੰ 35 ਲੱਖ ਹਰਜਾਨਾ ਅਤੇ 33,000 ਰੁਪਏ ਬਤੌਰ ਕਾਨੂੰਨੀ ਖਰਚ ਦੇਣ ਦੇ ਹੁਕਮ ਦਿੱਤੇ ਹਨ। ਇਹੀ ਨਹੀਂ, ਜਿਸ ਦਿਨ ਪਟੀਸ਼ਨ ਧਿਰ ਨੇ ਕੋਰਟ ਵਿੱਚ ਪਟੀਸ਼ਨ ਦਾਖਲ ਕੀਤੀ ਸੀ, ਉਸ ਦਿਨ ਤੋਂ ਹੁਕਮ ਤੱਕ ਪਟੀਸ਼ਨਰ ਨੂੰ ਜੁਰਮਾਨਾ ਰਾਸ਼ੀ ਦਾ 8 ਫ਼ੀਸਦੀ ਵਿਆਜ ਵੀ ਦੋਸ਼ੀਆਂ ਨੂੰ ਦੇਣਾ ਪਵੇਗਾ। ਕਮਿਸ਼ਨ ਦੇ ਪ੍ਰਿੰਸੀਪਲ ਬੈਂਚ ਦੇ ਜਸਟਿਸ ਪੀ. ਐੱਸ. ਧਾਲੀਵਾਲ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਉਕਤ ਹੁਕਮ ਦਿੱਤੇ ਹਨ। ਮਾਮਲਾ ਲੁਧਿਆਣਾ ਦਾ ਹੈ, ਜਿਥੇ ਸਿਵਲ ਲਾਈਨ ਸਥਿਤ ਹਾਂਡਾ ਹਸਪਤਾਲ ਵਿੱਚ ਡਾਕਟਰ ਪ੍ਰਤਿਭਾ ਹਾਂਡਾ ਪੁਲਕਿਤ ਕਪੂਰ ਦਾ ਗਰਭਵਤੀ ਹੋਣ ਤੋਂ ਬਾਅਦ ਇਲਾਜ ਕਰ ਰਹੀ ਸੀ। 26 ਅਗਸਤ, 2016 ਨੂੰ ਪੁਲਕਿਤ ਨੂੰ ਲੇਬਰ ਪੇਨ ਹੋਇਆ ਤਾਂ ਉਸ ਨੂੰ ਪਰਿਵਾਰ ਵਾਲੇ ਡਿਲੀਵਰੀ ਲਈ ਡਾਕਟਰ ਪ੍ਰਤਿਭਾ ਕੋਲ ਲੈ ਕੇ ਗਏ।

ਹਸਪਤਾਲ ਜਾਣ ਤੋਂ ਬਾਅਦ ਪਤਾ ਲੱਗਿਆ ਕਿ ਡਾਕਟਰ ਪ੍ਰਤਿਭਾ ਓ.ਪੀ.ਡੀ. ਵਿਚ ਹਨ। ਵਾਰ-ਵਾਰ ਕਹਿਣ ’ਤੇ ਵੀ ਉਨਾਂ ਨੇ ਜਨਾਨੀ ਨੂੰ ਨਹੀਂ ਦੇਖਿਆ, ਨਾ ਹੀ ਹਸਪਤਾਲ ਵਿੱਚ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਲੇਬਰ ਪੇਨ ਅਸਲੀਅਤ ਵਿੱਚ ਡਿਲੀਵਰੀ ਲਈ ਹੈ ਜਾਂ ਕਿਸੇ ਹੋਰ ਕਾਰਨ ਤੋਂ। ਹਾਲਤ ਵਿਗੜਦੀ ਵੇਖ ਮੁੜ ਡਾਕਟਰ ਨਾਲ ਸੰਪਰਕ ਕੀਤਾ ਗਿਆ, ਜਿਨਾਂ ਨੇ ਨਰਸ ਨੂੰ ਸਾਫ਼ ਕਹਿ ਦਿੱਤਾ ਕਿ ਉਹ ਓ. ਪੀ. ਡੀ. ਤੋਂ ਬਾਅਦ ਜਨਾਨੀ ਨੂੰ ਦੇਖੇਗੀ। ਉਸ ਤੋਂ ਪਹਿਲਾਂ ਉਨਾਂ ਨੂੰ ਡਿਸਟਰਬ ਨਾ ਕੀਤਾ ਜਾਵੇ। ਜਨਾਨੀ ਦੀ ਹਾਲਤ ਵਿਗੜਦੀ ਦੇਖ ਐਨੇਸਥੀਸੀਆ ਦਾ ਇਕ ਡਾਕਟਰ ਪੁਲਕਿਤ ਨੂੰ ਲੇਬਰ ਰੂਮ ਵਿੱਚ ਲੈ ਕੇ ਗਿਆ ਅਤੇ ਬਿਨਾਂ ਪਰਿਵਾਰ ਦੇ ਸਹਿਮਤੀ ਲਏ ਸਰਜਰੀ ਨਾ ਕਰ ਕੇ ਡਿਲੀਵਰੀ ਕੀਤੀ, ਜਿਸ ਤੋਂ ਬਾਅਦ ਉਥੇ ਡਾਕਟਰ ਪ੍ਰਤਿਭਾ ਪਹੁੰਚੀ।

ਡਿਲੀਵਰੀ ਤੋਂ ਬਾਅਦ ਪੈਦਾ ਹੋਏ ਬੱਚੇ ਦੀ ਆਵਾਜ਼ ਤੱਕ ਨਹੀਂ ਆਈ, ਜਿਸ ਨੂੰ ਕੱਪੜੇ ਵਿੱਚ ਲਪੇਟ ਕੇ ਪਰਿਵਾਰ ਨੂੰ ਦੱਸਿਆ ਗਿਆ ਕਿ ਪੁੱਤਰ ਹੋਇਆ ਹੈ। ਪਰਿਵਾਰ ਨੂੰ ਦੱਸਿਆ ਗਿਆ ਕਿ ਬੱਚੇ ਦੇ ਫੇਫੜੇ ਠੀਕ ਕੰਮ ਨਹੀਂ ਕਰ ਰਹੇ। ਹਸਪਤਾਲ ਵਿੱਚ ਵੈਂਟੀਲੇਟਰ ਦੀ ਸਹੂਲਤ ਨਹੀਂ ਸੀ, ਜਿਸ ਕਾਰਨ ਰਾਤ 11 ਵਜੇ



ਤੋਂ ਬਾਅਦ ਨਵਜੰਮੇ ਬੱਚੇ ਨੂੰ ਦਇਆਨੰਦ ਮੈਡੀਕਲ ਕਾਲਜ ਵਿੱਚ ਭਰਤੀ ਕਰਵਾਉਣ ਲਈ ਰੈਫਰ ਕਰ ਦਿੱਤਾ। ਹਸਪਤਾਲ ਕੋਲ ਐਂਬੁਲੈਂਸ ਵੀ ਨਹੀਂ ਸੀ। ਦੇਰ ਰਾਤ ਤੱਕ ਬੱਚੇ ਦੀ ਹਾਲਤ ਵਿੱਚ ਸੁਧਾਰ ਨਹੀਂ ਹੋਇਆ ਤਾਂ ਉਸ ਨੂੰ (ਨਿਓ ਨੈਟਲ ਕੇਅਰ ਯੂਨਿਟ) ਨੀਕੂ ਵਿੱਚ ਸ਼ਿਫਟ ਕਰ ਦਿੱਤਾ ਗਿਆ ਪਰ ਬੱਚੇ ਦੇ ਦਿਮਾਗ, ਦਿਲ ਅਤੇ ਫੇਫੜੇ ਠੀਕ ਕੰਮ ਨਹੀਂ ਕਰ ਰਹੇ ਸਨ, ਜਿਸ ਕਾਰਨ 27 ਜੁਲਾਈ ਨੂੰ ਬੱਚੇ ਦੀ ਮੌਤ ਹੋ ਗਈ। ਪਟੀਸ਼ਨਰ ਧਿਰ ਦਾ ਦੋਸ਼ ਸੀ ਕਿ ਡਾਕਟਰ ਪ੍ਰਤਿਭਾ ਅਤੇ ਪ੍ਰਦੀਪ ਹਾਂਡਾ ਕੋਲ ਨਵਜੰਮੇ ਬੱਚੇ ਨੂੰ ਬਚਾਉਣ ਲਈ 6 ਘੰਟੇ ਤੋਂ ਵੀ ਜ਼ਿਆਦਾ ਦਾ ਸਮਾਂ ਸੀ ਪਰ ਉਨਾਂ ਨੇ ਲਾਪਰਵਾਹੀ ਦਿਖਾਈ, ਜਿਸ ਕਾਰਨ ਉਸ ਦੀ ਮੌਤ ਹੋਈ ਹੈ। ਕਿਹਾ ਗਿਆ ਕਿ ਓਰਿਐਂਟਲ ਇੰਸ਼ੋਰੈਂਸ ਕੰਪਨੀ ਨੇ ਹਸਪਤਾਲ ਦਾ ਸਾਥ ਦਿੱਤਾ, ਜਿਸ ਨੂੰ ਇਸ ਮਾਮਲੇ ਵਿੱਚ ਬਰਾਬਰ ਦਾ ਦੋਸ਼ੀ ਪਾਇਆ ਗਿਆ। ਪਟੀਸ਼ਨਰ ਧਿਰ ਦੇ ਵਕੀਲ ਭਵਨੀਕ ਮਹਿਤਾ ਨੇ ਪਟੀਸ਼ਨਰ ਤੋਂ ਹਰਜਾਨੇ ਦੇ ਤੌਰ ’ਤੇ 50 ਲੱਖ, ਦਿਮਾਗੀ ਪ੍ਰੇਸ਼ਾਨੀ ਲਈ 25 ਲੱਖ, ਕਾਨੂੰਨੀ ਖਰਚ ਦੇ ਬਦਲੇ ’ਚ ਇਕ ਲੱਖ ਅਤੇ ਕਰੀਬ 3 ਲੱਖ ਇਲਾਜ ਖਰਚ ਦਾ ਵਿਆਜ ਸਮੇਤ ਦਾਅਵਾ ਕੀਤਾ ਸੀ। ਕੋਰਟ ਨੇ ਡਾਕਟਰ ਪ੍ਰਤਿਭਾ ਅਤੇ ਬੀਮਾ ਕੰਪਨੀ ਸਹਿਤ ਹਸਪਤਾਲ ਨੂੰ 35 ਲੱਖ ਦਾ ਕੁਲ ਹਰਜਾਨਾ ਅਤੇ 33,000 ਕਾਨੂੰਨੀ ਖਰਚ ਕੇਸ ਦਾਇਰ ਕਰਨ ਦੀ ਤਰੀਕ ਤੋਂ ਵਿਆਜ ਸਮੇਤ ਇਕ ਮਹੀਨੇ ਅੰਦਰ ਦੇਣ ਦੇ ਹੁਕਮ ਜਾਰੀ ਕੀਤੇ ਹਨ।

# ਐਸਐਮਓ ਕੋਟਕਪੂਰਾ ਨੇ ਪਿੰਡਾਂ ਦੇ ਡਾਕਟਰਾਂ ਨਾਲ ਕੋਰੋਨਾ ਤੋਂ ਆਮ ਲੋਕਾਂ ਨੂੰ ਬਚਾਅ ਲਈ ਮੀਟਿੰਗ ਕੀਤੀ

**ਕੋਟਕਪੂਰਾ (ਰੋਹਿਤ ਆਜ਼ਾਦ)** ਫਰੀਦਕੋਟ ਦੇ ਸਿਵਲ ਸਰਜਨ ਡਾ. ਸੰਜੇ ਕਪੂਰ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਬਾਬਾ ਦਿਆਲ ਸਿੰਘ ਸਿਵਲ ਹਸਪਤਾਲ ਕੋਟਕਪੂਰਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਹਰਿੰਦਰ ਸਿੰਘ ਗਾਂਧੀ ਅਤੇ ਨੋਡਲ ਅਫਸਰ ਡਾ. ਪੰਕਜ ਬਾਂਸਲ ਦੀ ਅਗਵਾਈ ਹੇਠ ਬਲਾਕ ਕੋਟਕਪੂਰਾ ਅਤੇ ਖਾਰਾ ਬਲਾਕ ਦੇ ਪਿੰਡਾਂ ਵਿੱਚ ਪ੍ਰੈਕਟਿਸ ਕਰਦੇ ਡਾਕਟਰਾਂ ਨਾਲ ਕੀਤੀ ਮੀਟਿੰਗ ਮੌਕੇ ਵੱਡੀ ਗਿਣਤੀ ਵਿੱਚ ਡਾਕਟਰ ਹਾਜਰ ਹੋਏ ਜਿਸ ਕਰਕੇ ਦੋ ਅਲੱਗ-ਅਲੱਗ ਗਰੁੱਪ ਵਿੱਚ ਮੀਟਿੰਗ ਕੀਤੀ ਗਈ । ਇਸ ਮੌਕੇ ਮੀਟਿੰਗ ਵਿੱਚ ਫਰੀਦਕੋਟ ਤੋਂ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ ਡਾ. ਸੁਮਿਤ ਅਰੋੜਾ ਅਤੇ ਡਾ. ਗਗਨਦੀਪ ਨੇ ਹਾਜਰ ਸਮੂਹ ਡਾਕਟਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੋਰੋਨਾ ਤੋਂ ਬਚਾਅ ਲਈ ਸੱਭ ਤੋਂ ਪਹਿਲਾਂ ਬੁਖਾਰ ਵਾਲੇ ਮਰੀਜਾਂ ਦੇ ਟੈਸਟ ਕਰਵਾਉਣ ਉਪਰੰਤ ਮਰੀਜਾਂ ਨੂੰ ਹਲਕੇ ਐਂਟੀਬਾਉ-ਟਿਕ ਅਤੇ ਪੈਰਾਸਿਟਾਮੋਲ ਦਿੱਤੀ ਜਾਵੇ, ਮਰੀਜਾਂ ਨੂੰ ਇਕੱਲੇ-ਇਕੱਲੇ ਕਰਕੇ ਕਲੀਨਿਕ ਅੰਦਰ ਬੁਲਾਕੇ ਦਵਾਈ ਦਿੱਤੀ ਜਾਵੇ, ਮਾਸਕ ਤੋਂ ਬਿਨਾਂ ਮਰੀਜਾਂ ਨੂੰ ਕਲੀਨਿਕ ਅੰਦਰ ਨਾ ਆਉਣ ਦਿੱਤਾ ਜਾਵੇ, ਹਰ ਮਰੀਜ਼ ਨੂੰ ਚੈੱਕ ਕਰਨ ਉਪਰੰਤ ਹੱਥਾਂ ਨੂੰ ਸੈਨੇਟਾਇਜ ਕੀਤਾ ਜਾਵੇ, ਅਤੇ ਇਸਦੇ ਨਾਲ ਹੀ ਬੁਖਾਰ ਵਾਲੇ ਮਰੀਜਾਂ ਦੀ ਆਕਸੀਜਨ ਜਾਂਚ ਕੀਤੀ ਜਾਵੇ, 88 ਤੋਂ ਘੱਟ ਆਕਸੀਜਨ ਵਾਲੇ ਮਰੀਜਾਂ ਜਿੰਨਾਂ ਨੂੰ ਸਾਹ ਲੈਣ ਵਿੱਚ ਪਰੇਸ਼ਾਨੀ ਹੁੰਦੀ ਹੈ ਉਸਨੂੰ ਤੁਰੰਤ ਹਸਪਤਾਲ ਭੇਜਿਆ ਜਾਵੇ, ਕੋਰੋਨਾ ਦੇ ਮਰੀਜਾਂ ਨੂੰ ਘੱਟ ਤੋਂ ਘੱਟ ਸਟੀਰਾਇਡ ਦਿੱਤਾ ਜਾਵੇ ਆਦਿ। ਉਨ੍ਹਾਂ ਅੱਗੇ ਕਿਹਾ ਕਿ ਕੋਰੋਨਾ ਦੇ 99 ਪ੍ਰਤੀਸ਼ਤ ਮਰੀਜ਼ ਘਰਾਂ ਵਿੱਚ ਇਕਾਂਤਵਾਸ ਦੌਰਾਨ ਮੈਡੀਕਲ ਗਾਇਡਲਾਇਨਜ ਨਾਲ ਹੀ ਠੀਕ ਹੋ ਜਾਂਦੇ ਹਨ। ਮਾਸਕ ਲਾਉਣ ਵਾਲੇ ਵਿਅਕਤੀ ਨੂੰ ਕੋਰੋਨਾ ਨਹੀਂ ਹੋ ਸਕਦਾ ਇਸ ਲਈ ਲੋਕਾਂ ਨੂੰ ਮਾਸਕ ਲਾਉਣ ਲਈ, ਵਾਰ-ਵਾਰ ਹੱਥ ਸੈਨੇਟਾਇਜ ਕਰਨ ਅਤੇ ਸ਼ੋਸ਼ਲ ਡਿਸਟੈਂਸ ਰੱਖਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਇਸ ਮਹਾਂਮਾਰੀ ਤੋਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਹਰਿੰਦਰ ਸਿੰਘ ਗਾਂਧੀ ਨੇ ਕਿਹਾ ਕਿ ਵੈਕਸਿਨ ਬਿਲਕੁੱਲ ਸੁਰੱਖਿਅਤ ਹੈ। ਤੁਹਾਨੂੰ ਆਪ ਵੀ ਵੈਕਸੀਨੇਸ਼ਨ ਕਰਵਾਉਣਾ ਚਾਹੀਦਾ ਹੈ ਇਸ ਪ੍ਰਕਾਰ ਤੁਸੀਂ ਅਤੇ ਤੁਹਾਡਾ ਪਰਿਵਾਰ ਸੁਰੱਖਿਅਤ ਹੋਵੇਗਾ। ਇਸਦੇ ਨਾਲ ਹੀ ਮਰੀਜਾਂ ਨੂੰ ਵੀ ਵੈਕਸਿਨ ਲਗਾਉਣ ਲਈ ਜਾਗਰੂਕ ਕਰਨਾ ਚਾਹੀਦਾ ਹੈ ਕਿ ਵੈਕਸਿਨ ਲਗਾਉਣ ਦੇ ਫਾਇਦੇ ਹਨ ਇਹ ਬਿਲਕੁੱਲ ਸੁਰੱਖਿਅਤ ਹੈ। ਜਿਲੇ ਅੰਦਰ ਹੁਣ ਤੱਕ 1 ਲੱਖ 15 ਹਜਾਰ ਤੋਂ ਵੱਧ ਲੋਕਾਂ ਦੇ ਵੈਕਸਿਨ ਦੇ ਟੀਕੇ ਲਾਏ ਜਾ ਚੁੱਕੇ ਹਨ। ਇਸ ਕਰਕੇ ਲੋਕਾਂ ਨੂੰ ਵੱਧ ਤੋਂ ਵੱਧ ਵੈਕਸਿਨ ਲਗਾਉਣ ਲਈ ਪ੍ਰੇਰਿਤ ਕਰੋ। ਜਿਥੇ ਐਸਐਮਓ ਦੀ ਅਗਵਾਈ ਹੇਠ ਇਹ ਮੀਟਿੰਗ ਹੋਈ ਉੱਥੇ ਹੀ ਇੱਥੇ ਭਾਰੀ ਡਾਕਟਰਾਂ ਦੀ ਤਾਦਾਦ ਵਿੱਚ ਮਾਸਕ ਦੀ ਵਰਤੋਂ ਘੱਟ ਅਤੇ ਸ਼ੋਸਲ ਡਿਸਟੈਂਸਿੰਗ ਵੀ ਨਾ ਦੇ ਬਰਾਬਰ ਹੀ ਦੇਖਣ ਨੂੰ ਮਿਲੀ।

# ਦਸਮੇਸ਼ ਸਕੂਲ ਬਿਲਾਸਪੁਰ ਚੋਂ ਉੱਠੀ ਜੈਵਿਕ ਵਿਭਿੰਨਤਾ ਬਚਾਉਣ ਦੀ ਅਵਾਜ਼

## ਮਨੁੱਖ ਆਪਣੇ ਪੈਰੀਂ ਆਪ ਕੁਹਾੜਾ ਨਾ ਮਾਰੇ: ਪ੍ਰਿੰਸੀਪਲ ਢਿੱਲੋਂ

**ਮੋਗਾ (ਰਵਿੰਦਰ ਬੁੱਟਰ ਅਤੇ ਸਿਮਰਜੀਤ ਕੌਰ)** ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਸਬੰਧੀ ਸਮਾਗਮ ਨਾਮਵਰ ਸੰਸਥਾ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਵਿਖੇ ਕੀਤਾ ਗਿਆ। ਕੋਵਿਡ-19 ਦੇ ਮਦੇਨਜ਼ਰ ਇਹ ਸਮਾਗਮ ਪ੍ਰਿੰਸੀਪਲ ਮਹਿੰਦਰ ਕੌਰ ਢਿੱਲੋਂ ਦੀ ਰਹਿਨੁਮਾਈ ਹੇਠ ਵੈਬੀਨਾਰ ਰਾਹੀਂ ਨੇਪਰੇ ਚੜ੍ਹਿਆ। ਬਾਨੀ ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ ਨੇ ਇਸ ਮੌਕੇ ਆਪਣੇ ਸੁਨੇਹੇ ਵਿੱਚ ਕਿਹਾ ਕਿ ਧਰਤੀ ਉਪਰੋਂ ਬਹੁਤ ਸਾਰੇ ਜੀਵ ਜੰਤੂਆਂ ਅਤੇ ਪੌਦਿਆਂ ਦੀਆਂ ਨਸਲਾਂ ਖਤਮ ਹੋ ਚੁੱਕੀਆਂ ਹਨ ਜਾਂ ਫਿਰ ਖਤਮ ਹੋਣ ਦੀ ਕਗਾਰ ਤੇ ਹਨ। ਇਨ੍ਹਾਂ ਨੂੰ ਬਚਾਉਣਾ ਸਾਡਾ ਸਾਰਿਆਂ ਦਾ ਇਖ਼ਲਾਕੀ ਫ਼ਰਜ਼ ਬਣਦਾ ਹੈ। ਜੈਵਿਕ ਵਿਭਿੰਨਤਾ ਨੂੰ ਖਤਮ ਕਰਕੇ ਮਨੁੱਖ ਆਪਣੇ ਪੈਰੀਂ ਖ਼ੁਦ ਕੁਹਾੜਾ ਮਾਰ ਰਿਹਾ ਹੈ। ਜੈਵਿਕ ਵਿਭਿੰਨਤਾ ਨਾ ਬਚਾਈ ਤਾਂ ਸਾਡਾ ਜੀਵਨ ਹੀ ਖਤਰੇ ਵਿੱਚ ਪੈ ਜਾਵੇਗਾ। ਉਨ੍ਹਾਂ ਕਿਹਾ ਕਿ ਅੰਧਾਧੁੰਦ ਸ਼ਹਿਰੀਕਰਨ ਅਤੇ ਉਦਯੋਗੀਕਰਨ ਰਾਹੀਂ ਕੁਦਰਤ ਨਾਲ ਲਗਾਤਾਰ ਖਿਲਵਾੜ ਕੀਤਾ ਜਾ ਰਿਹਾ ਹੈ ਜਿਸ ਦਾ ਖਮਿਆਜ਼ਾ ਅਸੀਂ ਭਿਆਨਕ ਬਿਮਾਰੀਆਂ ਦੇ ਰੂਪ ਵਿੱਚ ਭੁਗਤ ਰਹੇ ਹਾਂ। ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਨਾਂ ਜ਼ਾਰੀ ਕੀਤੇ ਪੈਗ਼ਾਮ ਦੌਰਾਨ ਉਨ੍ਹਾਂ ਕਿਹਾ ਕਿ ਧਰਤੀ ਉਪਰ ਮੌਜ਼ੂਦ ਹਰ ਤਰ੍ਹਾਂ ਦੀਆਂ ਜਾਤੀਆਂ ਤੇ ਪ੍ਰਜਾਤੀਆਂ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਸਮੇਂ ਪ੍ਰੋਗਰਾਮ ਅਫ਼ਸਰ ਗੁਰਚਰਨ ਸਿੰਘ ਰਾਮਾਂ ਨੇ ਭਾਈ ਘਨ੍ਹਈਆ ਕੌਮੀ ਸੇਵਾ ਯੂਨਿਟ ਦੇ ਵਲੰਟੀਅਰਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਜਿੱਥੇ ਅਸੀਂ ਹੋਰ ਸਮਾਜ ਸੇਵਾ ਅਤੇ ਰਾਸ਼ਟਰ ਸੇਵਾ ਦੇ ਕਾਰਜ਼ ਕਰਨੇ ਹਨ ਉਥੇ ਅਸੀਂ ਜੈਵਿਕ ਵਿਭਿੰਨਤਾ ਦੀ ਸਲਾਮਤੀ ਲਈ ਆਪਣੀ ਸਰਗਰਮ ਭੂਮਿਕਾ ਵੀ ਨਿਭਾਉਣੀ ਹੈ।



ਉਨ੍ਹਾਂ ਨੇ ਕੁਦਰਤ ਨੂੰ ਪਿਆਰ ਕਰਨ ਅਤੇ ਕੁਦਰਤ ਨਾਲ ਜੁੜ ਕੇ ਰਹਿਣ ਦੇ ਨੁਕਤੇ ਵੀ ਵਲੰਟੀਅਰਾਂ ਨਾਲ ਸਾਂਝੇ ਕੀਤੇ। ਇਸ ਮੌਕੇ ਸੁਨਿਧੀ ਮਿੱਤਲ ,ਦਸਮੇਸ਼ ਯੂਥ ਕਲੱਬ ਦੇ ਪ੍ਰਧਾਨ ਵਿਕਾਸ ਸਿੰਗਲਾ, ਜੋਗਿੰਦਰ ਸਿੰਘ ਢਿੱਲੋਂ, ਵੀਰਪਾਲ ਕੌਰ ਅਤੇ ਜਸਵੀਰ ਕੌਰ ਆਦਿ ਵੀ ਹਾਜ਼ਰ ਸਨ ।

# 13 ਕਿਲੋ 30 ਗ੍ਰਾਮ ਹੈਰੋਇਨ ਸਮੇਤ ਦੋਸ਼ੀ ਗ੍ਰਿਫਤਾਰ

## ਜਿਸਦੀ ਅੰਤਰਰਾਸ਼ਟਰੀ ਕੀਮਤ 65 ਕਰੋੜ ਰੁਪਏ ਦੱਸੀ ਜਾ ਰਹੀ ਹੈ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਮਾਣਯੋਗ ਡਾਇਰੈਕਟਰ ਜਨਰਲ ਪੁਲੀਸ ਪੰਜਾਬ ਚੰਡੀਗੜ੍ਹ ਅਤੇ ਮਾਣਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਫਿਰੋਜ਼ਪੁਰ ਰੇਂਜ ਫਿਰੋਜ਼ਪੁਰ ਕੈਂਟ ਜੀ ਵੱਲੋਂ ਜਾਰੀ ਹੁਕਮਾਂ ਮੁਤਾਬਕ ਮਾੜੇ ਅਨਸਰਾਂ ਤੇ ਡਰੱਗ ਸਮੱਗਲਰਾਂ ਖ਼ਿਲਾਫ਼ ਵਿੱਢੀ ਗਈ ਵਿਸ਼ੇਸ਼ ਮੁਹਿੰਮ ਤਹਿਤ ਸ੍ਰੀ ਭਾਗੀਰਥ ਸਿੰਘ ਮੀਨਾ ਆਈ ਪੀ ਐੱਸ ਸੀਨੀਅਰ ਕਪਤਾਨ ਪੁਲਿਸ ਫਿਰੋਜ਼ਪੁਰ ਜੀ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਨਸ਼ੇ ਵਿਰੁੱਧ ਚਲਾਏ ਗਏ ਸਪੈਸ਼ਲ ਅਭਿਆਨ ਤਹਿਤ ਜ਼ਿਲ੍ਹਾ ਫ਼ਿਰੋਜ਼ਪੁਰ ਪੁਲਿਸ ਨੂੰ ਉਸ ਵਕਤ ਭਾਰੀ ਸਫਲਤਾ ਹਾਸਲ ਹੋਈ ਜਦੋਂ ਜੇਰੇ ਨਿਗਰਾਨੀ ਸ੍ਰੀ ਰਤਨ ਸਿੰਘ ਬਰਾੜ ਕਪਤਾਨ ਪੁਲਿਸ ਇਨਵੈਸਟੀਗੇਸ਼ਨ ਫਿਰੋਜ਼ਪੁਰ ਅਤੇ ਸ੍ਰੀ ਰਵਿੰਦਰ ਪਾਲ ਸਿੰਘ ਉਪ ਕਪਤਾਨ ਪੁਲਿਸ ਇਨਵੈਸਟੀਗੇਸ਼ਨ ਫਿਰੋਜ਼ਪੁਰ ਵੱਲੋਂ ਕਾਰਵਾਈ ਕਰਦੇ ਹੋਏ ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ ਇੰਚਾਰਜ ਐਂਟੀ ਨਾਰਕੋਟਿਕ ਸੈੱਲ ਫਿਰੋਜ਼ਪੁਰ ਵੱਲੋਂ ਮਿਤੀ 19-05-2021 ਨੂੰ ਮੁਖਬਰ ਖਾਸ ਦੀ ਇਤਲਾਹ ਤੇ ਦੋਸ਼ੀ ਰਛਪਾਲ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਪਿੰਡ ਗੰਦੂ ਕਿਲਚਾ ਨੂੰ ਬੱਸ ਅੱਡਾ ਪਿੰਡ ਕੜਮਾਂ ਤੋਂ ਮੋਟਰਸਾਈਕਲ ਤੇ ਆਉਂਦੇ ਨੂੰ ਕਾਬੂ ਕਰਕੇ ਉਸਦੇ ਕਬਜ਼ੇ ਵਿਚੋਂ 180 ਗ੍ਰਾਮ ਹੈਰੋਇਨ ਬਰਾਮਦ ਕਰ ਕੇ ਮੁਕੱਦਮਾ ਨੰਬਰ 44 ਐੱਨਡੀਪੀਐੱਸ ਐਕਟ ਥਾਣਾ ਮਮਦੋਟ ਦਰਜ ਕਰਵਾਇਆ ਗਿਆ ਸੀ। ਦੌਰਾਨੇ ਪੁੱਛਗਿੱਛ ਦੋਸ਼ੀ ਵੱਲੋਂ ਕੀਤੇ ਗਏ ਇੰਕਸ਼ਾਫ਼ ਮੁਤਾਬਿਕ ਮਿਤੀ 23-05-2021 ਨੂੰ 116 ਬਟਾਲੀਅਨ ਬੀ ਐਸ ਐਫ ਦੀ ਚੌਕੀ ਬਸਤੀ ਰਾਮ ਲਾਲ ਨਾਲ ਮਿਲ ਕੇ



ਕੀਤੇ ਗਏ ਸਾਂਝੇ ਆਪ੍ਰੇਸ਼ਨ ਦੌਰਾਨ ਕੰਡਿਆਲੀ ਤਾਰ ਤੋਂ ਪਾਰ ਲੰਘ ਕੇ ਇੰਡੋ ਪਾਕਿਸਤਾਨ ਜ਼ੀਰੋ ਲਾਈਨ ਦੇ ਨਜ਼ਦੀਕ ਗੇਟ ਨੰਬਰ 179 ਬੁਰਜੀ ਨੰਬਰ 179 ਚੌਕੀ ਬਸਤੀ ਰਾਮ ਲਾਲ ਭਾਰਤ ਵਾਲੇ ਪਾਸਿਓਂ 12 ਕਿੱਲੋ 850 ਗ੍ਰਾਮ ਹੈਰੋਇਨ ਦੇ ਪੈਕੇਟ ਪਲਾਸਟਿਕ ਦੇ ਬੋਰੇ ਵਿਚੋਂ ਬਰਾਮਦ ਹੋਏ। ਜਿਸ ਦੀ ਅੰਤਰਰਾਸ਼ਟਰੀ ਕੀਮਤ ਕਰੀਬ 65 ਕਰੋੜ ਰੁਪਏ ਹੈ ਦੋਸ਼ੀ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਨਸ਼ੇ ਦਾ ਧੰਦਾ ਕਰਦਾ ਹੈ। ਜਿਸ ਦਾ 19-05-2021 ਤੋਂ ਪੰਜ ਦਿਨ ਦਾ ਪੁਲੀਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਜਿਸ ਪਾਸੋਂ ਹੋਰ ਸੁਰਾਗ ਲੱਗਣ ਦੀ ਸੰਭਾਵਨਾ ਹੈ।

# ਕੇਂਦਰ ਅਤੇ ਰਾਜ ਸਰਕਾਰ ਤੋਂ ਨਾਰਾਜ 19 ਹਜਾਰ ਆਸਾ ਵਰਕਰ 24 ਮਈ ਨੂੰ ਕਰਨਗੇ ਹੜਤਾਲ

**ਚੰਡੀਗੜ (ਦੀਪਕ ਸ਼ਰਮਾ)** ਕੇਂਦਰ ਅਤੇ ਰਾਜ ਸਰਕਾਰ ਤੋਂ ਨਾਰਾਜ 19 ਹਜਾਰ ਆਸਾ ਵਰਕਰ 24 ਮਈ ਨੂੰ ਹੜਤਾਲ ਕਰਨਗੇ । ਆਸਾ ਵਰਕਰਾਂ ਦੀ ਰਾਸਟਰੀ ਤਾਲਮੇਲ ਕਮੇਟੀ ਵੱਲੋਂ ਹੜਤਾਲ ਕੀਤੀ ਜਾ ਰਹੀ ਹੈ । ਆਸਾ ਵਰਕਰਜ ਯੂਨੀਅਨ ਹਰਿਆਣਾ ਦੇ ਸੂਬਾ ਪ੍ਰਧਾਨ ਪ੍ਰਵੇਸ ਕੁਮਾਰੀ ਅਤੇ ਸੂਬਾ ਜਨਰਲ ਸਕੱਤਰ ਸੁਰੇਖਾ ਨੇ ਕਿਹਾ ਕਿ ਆਸਾ ਵਰਕਰ ਅਤੇ ਆਸਾ ਸਹੂਲਤ ਜਨ ਸਿਹਤ ਪ੍ਰਣਾਲੀ ਅਤੇ ਲੋਕਾਂ ਵਿਚ ਮਹੱਤਵਪੂਰਨ ਹਨ । ਉਹ ਕੋਵਿਡ ਮਹਾਂਮਾਰੀ ਦੀ ਦੂਜੀ ਲਹਿਰ ਵਿੱਚ ਬਿਨਾਂ ਕਿਸੇ ਛੁੱਟੀ ਦੇ 24 ਘੰਟੇ ਦੀ ਡਿਊਟੀ ਕਰ ਰਹੀ ਹੈ ।

ਉਨਾਂ ਨੂੰ ਸਰਵੇਖਣ, ਕੇਸਾਂ ਦੀ ਰਿਪੋਰਟ ਕਰਨਾ, ਸੰਕਰਮਿਤ ਲੋਕਾਂ ਦੀ ਡਾਕਟਰੀ ਸਹਾਇਤਾ ਪ੍ਰਾਪਤ ਕਰਨਾ, ਮਰੀਜਾਂ ਦੀ ਨਿਗਰਾਨੀ ਕਰਨਾ, ਲੋਕਾਂ ਨੂੰ ਠੀਕ ਹੋਣ ਬਾਰੇ ਦੱਸਣਾ, ਟੀਕਾਕਰਨ ਲਈ ਲੋਕਾਂ ਨੂੰ ਮੋਬੀਲਾਈਜ਼ ਕਰਨਾ, ਕੋਵਿਡ -19 ਅਤੇ ਪਿੰਡ ਦੇ ਆਈਸੋਲੇਸ਼ਨ ਕੇਂਦਰ ਵਿੱਚ ਨੋਡਲ ਅਫਸਰ ਵਜੋਂ ਕੰਮ ਕਰਨ ਲਈ ਕਿਹਾ ਗਿਆ ਹੈ । ਉਹ ਦਿਨ ਵਿਚ 8-9 ਘੰਟੇ ਕੰਮ ਕਰ ਰਹੇ ਹਨ, ਜੋ ਟੀਕਾਕਰਣ ਦੀ ਡਿਊਟੀ ਤੋਂ ਇਲਾਵਾ ਹੈ । ਆਸਾ ਵਰਕਰਾਂ ਨੂੰ ਕੋਈ ਸੁਰੱਖਿਆ ਉਪਕਰਣ ਮੁਹੱਈਆ ਨਹੀਂ ਕਰਵਾਏ ਜਾ ਰਹੇ ਹਨ ਭਾਵੇਂ ਉਹ ਸੰਕਰਮਿਤ ਲੋਕਾਂ ਦੇ ਸੰਪਰਕ ਵਿਚ ਆਉਣਾ ਪੈਂਦਾ ਹੈ । ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਦੌਰਾਨ, ਬਹੁਤ ਸਾਰੇ ਆਸਾ ਵਰਕਰਾਂ ਦੀ ਮੌਤ ਕੋਵਿਡ -19 ਨਾਲ ਹੋਈ ਅਤੇ ਬਹੁਤ ਸਾਰੇ ਤਣਾਅ ਸੰਬੰਧੀ ਪੇਚੀਦਗੀਆਂ ਦੇ ਸਿਕਾਰ ਹੋ ਗਏ ।

# ਕਾਂਗਰਸੀ ਆਗੂ ਸੂਬੇ ’ਚ ਸ਼ਰਾਬ ਮਾਫੀਆ ਦੀ ‘ਹੌਂਸਲਾ ਅਫਜਾਈ’ ਕਰ ਰਹੇ : ਭਾਜਪਾ

**ਚੰਡੀਗੜ (ਦੀਪਕ ਸ਼ਰਮਾ)** ਪੰਜਾਬ ਭਾਜਪਾ ਨੇ ਕਾਂਗਰਸੀ ਨੇਤਾਵਾਂ ਦੀ ਸਰਪ੍ਰਸਤੀ ਹੇਠ ਨਸ਼ਾ ਅਤੇ ਸ਼ਰਾਬ ਮਾਫੀਆ ਦੇ ਮਜਬੂਤ ਹੋਣ ’ਤੇ ਗੰਭੀਰ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਸੂਬੇ ਵਿਚ ਮਾਫੀਆ ਕਾਂਗਰਸੀ ਨੇਤਾਵਾਂ ਦੀ ਸਰਪ੍ਰਸਤੀ ਹੇਠ ਚੱਲ ਰਿਹਾ ਹੈ। ਸੂਬਾ ਭਾਜਪਾ ਦੇ ਜਨਰਲ ਸਕੱਤਰ ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ ਖੇਮਕਰਨ ਨੇੜੇ ਪਿੰਡ ਦਿਆਲਪੁਰਾ ਵਿਚ ਵੱਡੀ ਮਾਤਰਾ ਵਿਚ ਨਾਜਾਇਜ਼ ਸ਼ਰਾਬ ਦੀ ਬਰਾਮਦਗੀ ’ਚ ਸੱਤਾਧਾਰੀ ਕਾਂਗਰਸੀ ਨੇਤਾਵਾਂ ਦੀ ਸਰਪ੍ਰਸਤੀ ਸਪੱਸ਼ਟ ਤੌਰ ’ਤੇ



ਦਰਸਾਉਂਦੀ ਹੈ, ਜਿਸ ਵਿਚ ਕਾਂਗਰਸੀ ਵਿਧਾਇਕ ਦਾ ਨਜ਼ਦੀਕੀ ਇਕ ਪੰਚ ਵੀ ਮੁਲਜਮ ਹੈ। ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ ਪੁਲਸ ਨੂੰ ਅਜਿਹੀਆਂ ਘਟਨਾਵਾਂ ’ਚ ਸ਼ਾਮਲ ਸਿਆਸੀ ਆਗੂਆਂ ਨੂੰ ਫੜਣਾ ਚਾਹੀਦਾ ਹੈ।

# ਬਾਜਵਾ ਦਾ ਪ੍ਰਧਾਨ ਮੰਤਰੀ ਨੂੰ ਟਵੀਟ, ‘ਕਿਸਾਨਾਂ ਨੂੰ ਕੋਰੋਨਾ ਤੋਂ ਵੱਧ ਖੇਤੀ ਕਾਨੂੰਨਾਂ ਦਾ ਡਰ

**ਚੰਡੀਗੜ (ਦੀਪਕ ਸ਼ਰਮਾ)** ਕਾਂਗਰਸ ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਨੂੰ ਅੰਦੋਲਨ ਕਰ ਰਹੇ ਕਿਸਾਨਾਂ ਨਾਲ ਮੁੜ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਬਾਜਵਾ ਨੇ ਟਵੀਟ ਕਰਦੇ ਹੋਏ ਆਖਿਆ ਹੈ ਕਿ ਦੇਸ਼ ਕੋਰੋਨਾ ਦੀ ਦੂਜੀ ਲਹਿਰ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਸ ਦੀ ਤੀਜੀ ਲਹਿਰ ਕਿੰਨੀ ਖਤਰਨਾਕ ਹੋਵੇਗੀ, ਇਹ ਕਿਸੇ ਨੂੰ ਨਹੀਂ ਪਤਾ ਹੈ। ਉਨਾਂ ਕਿਹਾ ਕਿ ਮਹਾਮਾਰੀ ਦੇ ਬਾਵਜੂਦ ਵੀ ਕਿਸਾਨਾਂ ਨੇ ਆਪਣਾ ਵਿਰੋਧ ਪ੍ਰਦਰਸ਼ਨ ਜਾਰੀ ਰੱਖਿਆ ਹੈ। ਉਨਾਂ ਕਿਹਾ ਕਿ ਕਿਸਾਨ ਲਗਭਗ ਛੇ ਮਹੀਨਿਆਂ ਤੋਂ ਦਿੱਲੀ ਦੀਆਂ ਸਰਹੱਦਾਂ ’ਤੇ ਬੈਠੇ ਹੋਏ ਹਨ, ਇਸ ਤੋਂ ਕਿਸਾਨਾਂ ਦੀ ਸ਼ਿੱਦਤ



ਦਾ ਅੰਦਾਜਾ ਲਗਾਇਆ ਜਾ ਸਕਦਾ ਹੈ ਪਰ ਬਾਵਜੂਦ ਇਸ ਦੇ ਮਸਲੇ ਦਾ ਹੱਲ ਨਹੀਂ ਨਿਕਲਿਆ ਹੈ।

ਬਾਜਵਾ ਨੇ ਆਖਿਆ ਹੈ ਕਿ ਕਿਸਾਨ ਕੋਰੋਨਾ ਦੀ ਮਹਾਮਾਰੀ ਦੇ ਬਾਵਜੂਦ ਦਿੱਲੀ ਦੀਆਂ ਸਰਹੱਦਾਂ ’ਤੇ ਡਟੇ ਹੋਏ ਹਨ ਅਤੇ ਉਨਾਂ ਨੂੰ ਕੋਰੋਨਾ ਨਾਲੋਂ ਖੇਤੀ ਕਾਨੂੰਨਾਂ ਦਾ ਜਿਆਦਾ ਡਰ ਹੈ। ਪ੍ਰਧਾਨ ਮੰਤਰੀ ਨੂੰ ਅਪੀਲ ਕਰਦਿਆਂ ਉਨਾਂ ਕਿਹਾ ਕਿ ਅੰਦੋਲਨਕਾਰੀ ਕਿਸਾਨਾਂ ਨਾਲ ਸਰਕਾਰ ਵਲੋਂ ਮੁੜ ਗੱਲਬਾਤ ਦਾ ਦੌਰ ਸ਼ੁਰੂ ਕੀਤਾ ਜਾਵੇ ਅਤੇ ਇਸ ਮਸਲੇ ਦਾ ਹੱਲ ਕੱਢਿਆ ਜਾਵੇ ਤਾਂ ਜੋ ਕਿਸਾਨ ਆਪੋ-ਆਪਣੇ ਘਰਾਂ ਨੂੰ ਪਰਤ ਸਕਣ।

# ਸ਼ਹਿਰ ਕੋਟਕਪੂਰਾ ਵਿਖੇ ਸ਼ਨੀਵਾਰ, ਐਂਤਵਾਰ ਦੇ ਲੌਕਡਾਊਣ ਨੂੰ ਫਲਾਂ, ਸਬਜ਼ੀਆਂ ਵਾਲੇ ਦੁਕਾਨਦਾਰ ਅਤੇ ਰੇਹੜੀਆਂ ਵਾਲੇ ਲਗਾ ਰਹੇ ਨੇ ਚਾਰ ਚੰਨ

**ਕੋਟਕਪੂਰਾ (ਰੋਹਿਤ ਆਜ਼ਾਦ)** ਜਿੱਥੇ ਹਰ ਪਾਸੇ ਹੀ ਸ਼ਨੀਵਾਰ ਅਤੇ ਐਂਤਵਾਰ ਦੇ ਪੰਜਾਬ ਸਰਕਾਰ ਦੇ ਲੌਕਡਾਊਣ ਨੂੰ ਵਧਿਆ ਹੁਲਾਰਾ ਮਿਲ ਰਿਹਾ ਹੈ ਉੱਥੇ ਸ਼ਹਿਰ ਕੋਟਕਪੂਰਾ ਵਿਖੇ ਫਲਾਂ ਅਤੇ ਸਬਜ਼ੀਆਂ ਦੀਆਂ ਦੁਕਾਨਾਂ, ਅੱਡੇ ਅਤੇ ਰੇਹੜੀਆਂ ਨੂੰ ਛੱਡ ਬਾਕੀ ਸਾਰਾ ਸ਼ਹਿਰ ਹੀ ਪੰਜਾਬ ਸਰਕਾਰ ਦੇ ਇਸ ਲੌਕਡਾਊਣ ਦੌਰਾਣ ਬੰਦ ਵੇਖਣ ਨੂੰ ਮਿਲਦਾ ਹੈ ਜਦਕਿ ਸ਼ਹਿਰ ਦੇ ਰੇਲਵੇ ਰੋੜ ਤੇ ਦੋ ਕੁ ਫਲਾਂ ਅਤੇ ਸਬਜ਼ੀਆਂ ਦੀਆਂ ਦੁਕਾਨਾਂ ਅਤੇ ਸ਼ਹਿਰ ਦੀਆਂ ਹੋਰ ਵੱਖ-ਵੱਖ ਥਾਵਾਂ ਤੇ ਫਲਾਂ ਅਤੇ ਸਬਜ਼ੀਆਂ ਦੇ ਲੱਗੇ ਅੱਡੇ ਅਤੇ ਰੇਹੜੀਆਂ ਵਾਲੇ ਨਿਧੜਕ ਹੋਕੇ ਤੇ ਕਰੋਨਾ ਬੀਮਾਰੀ ਤੋਂ ਡਰੇ ਬਿਨਾਂ ਅਤੇ ਪੁਲਸ ਪ੍ਰਸ਼ਾਸਨ ਦੇ ਅੱਖਾਂ ਸਾਹਮਣੇ ਹੀ ਆਪਣਾ ਕੰਮਕਾਰ ਕਰਦੇ ਹੋਏ ਨਜਰ ਆ ਰਹੇ ਹਨ ਜਿੱਥੇ ਕਿ ਨਾ ਹੀ ਕੋਈ ਸੋਸ਼ਲ ਡਿਸਟੈਂਸਿੰਗ ਅਤੇ ਨਾ ਹੀ ਮਾਸਕ ਆਦਿ ਵਗੈਰਾ ਦਾ ਵੀ ਕੋਈ ਵਿਸ਼ੇਸ਼ ਪ੍ਰਬੰਧ ਨਜਰ ਆ ਰਿਹਾ ਅਤੇ ਨਾ ਹੀ ਸਿਵਲ, ਸਿਹਤ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਇੰਨਾਂ ਨੂੰ ਕੋਈ ਨੋਟਿਸ ਕੀਤਾ ਜਾ ਰਿਹਾ ਹੈ। ਪੁਲਸ ਵਿਭਾਗ ਦੀ ਕਾਲੀ ਜਿਪਸੀ ਵੀ ਇੰਨਾਂ ਦੁਕਾਨਾਂ ਨੂੰ ਛੱਡਕੇ ਬਾਕੀ ਸਾਰੀਆਂ ਰੇਹੜੀਆਂ ਵਾਲੇਆਂ ਨੂੰ ਬਾਜ਼ਾਰਾਂ ਤੋਂ ਦੂਰ ਗਲੀ ਮੁਹੱਲੇਆਂ ਵਿੱਚ ਭਜਾ ਦਿੰਦੀ ਹੈ ਪਰ ਉੱਥੇ ਹੀ ਰੇਲਵੇ ਸਟੇਸ਼ਨ ਦੇ ਗੇਟ ਦੇ ਨੇੜੇ ਸਥਿਤ ਇੱਕ ਗਰੀਬ ਅਖਬਾਰ ਵਿਕ੍ਰੇਤਾ ਜਤਿੰਦਰ ਕੁਮਾਰ ਸ਼ਰਮਾ ਜੋ ਕਿ ਲੌਕਡਾਊਣ ਦੇ ਚੱਲਦਿਆਂ ਆਪਣਾ ਕੰਮਕਾਰ ਠੱਪ ਹੋਣ ਕਾਰਣ ਆਪਣੀ ਦੁਕਾਨ ਨੂੰ ਬੰਦ ਕਰਕੇ ਆਪਣੀ ਦੁਕਾਨ ਦੇ ਬਾਹਰ ਆਪਣੀ ਸਬਜ਼ੀ-ਫਲ ਫਰੂਟ ਆਦਿ ਲਗਾਕੇ ਵੇਚਕੇ ਆਪਣੇ ਪਰਿਵਾਰ ਦਾ ਗੁਜਾਰਾ ਕਰ ਰਿਹਾ ਹੈ ਪ੍ਰੰਤੂ ਪੁਲਸ ਜਿਪਸੀ ਵਿਚ ਬੈਠੇ ਮੁਲਾਜ਼ਮਾਂ ਵੱਲੋਂ ਕੇਵਲ ਉਸ ਗਰੀਬ ਅਖਬਾਰ ਵਿਕ੍ਰੇਤਾ ਜਤਿੰਦਰ ਕੁਮਾਰ ਨੂੰ ਆਪਣੀ ਆਈਟਮ ਸਬਜ਼ੀ-ਫਲ-ਫਰੂਟ ਨੂੰ ਆਪਣੀ ਬੰਦ ਦੁਕਾਨ ਦੇ ਬਾਹਰ ਰੱਖਕੇ ਨਹੀਂ ਵੇਚਣ ਦਿੱਤਾ ਜਾ ਰਿਹਾ। ਉਸ ਗਰੀਬ ਅਖਬਾਰ ਵਿਕ੍ਰੇਤਾ ਜਤਿੰਦਰ ਕੁਮਾਰ ਨੇ ਮੀਡੀਆ ਸਾਹਮਣੇ ਵੀ ਆਪਣੀ ਇਹੀ ਗੱਲ ਆਖੀ ਹੈ ਕਿ ਆਖਿਰ ਉਸਦੀ ਕੀ ਗਲਤੀ ਹੈ ਤੇ ਪੁਲਸ ਦੀ ਜਿਪਸੀ ਵੱਲੋਂ ਆਖਿਰ ਉਸਨੂੰ ਹੀ ਕਿਉਂ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਉਸਨੂੰ ਹੀ ਕਿਉਂ ਨਹੀਂ ਆਪਣੀ ਆਈਟਮ ਵੇਚਣ ਦਿੱਤੀ ਜਾ ਰਹੀ। ਉਸਨੇ ਆਖਿਆ ਕਿ ਇਸ ਲੌਕਡਾਊਣ ਦੌਰਾਣ ਸ਼ਹਿਰ ਦੀਆਂ ਮੰਡੀਆਂ ਨੂੰ ਵੀ ਬੰਦ ਕਰਵਾਇਆ ਜਾਵੇ ਤਾਂ ਜੋ ਕੋਈ ਵੀ ਸਬਜ਼ੀ ਅਤੇ ਫਲ-ਫਰੂਟ ਆਦਿ ਸ਼ਹਿਰ ਅੰਦਰ ਨਾ ਆ ਸਕੇ ਅਤੇ ਇਸਦੇ ਨਾਲ ਹੀ ਸ਼ਹਿਰ ਵਿੱਚ ਮੈਡੀਕਲ ਅਤੇ ਐਮਰਜੰਸੀ ਸੇਵਾਵਾਂ ਨੂੰ ਛੱਡਕੇ ਸਾਰਾ ਸ਼ਹਿਰ ਹੀ ਪੂਰਨ ਤੌਰ ਤੇ ਬੰਦ ਕੀਤਾ ਜਾਵੇ ਤਾਂ ਜੋ ਸਹੀ ਤਰੀਕੇ ਨਾਲ ਸ਼ਹਿਰ ਅੰਦਰ ਪੰਜਾਬ ਸਰਕਾਰ ਦੇ ਇਸ ਲੌਕਡਾਊਣ ਨੂੰ ਕਾਇਮ ਰੱਖਿਆ ਜਾ ਸਕੇ। ਹੁਣ ਦੇਖਣਾ ਇਹ ਹੋਵੇਗਾ ਕਿ ਇਸ ਖਬਰ ਨਾਲ ਪ੍ਰਸ਼ਾਸਨ ਤੇ ਕੁਝ ਅਸਰ ਹੁੰਦਾ ਹੈ ਜਾਂ ਨਹੀਂ। ਕਿ ਪ੍ਰਸ਼ਾਸਨ ਇਸ ਮਾਮਲੇ ਵਿੱਚ ਆਪਣੀ ਕੋਈ ਦਰਿਆਦੀਲੀ ਦਿਖਾਕੇ ਇਸ ਕਮਜੋਰ ਤੇ ਗਰੀਬ ਅਖਬਾਰ ਵਿਕ੍ਰੇਤਾ ਦਾ ਪੱਖ ਪੂਰੇਗਾ ਜਾਂ ਫਿਰ ਇੰਨਾਂ ਸਬਜ਼ੀ ਅਤੇ ਫਲ-ਫਰੂਟ ਦੀਆਂ ਦੁਕਾਨਾਂ ਅਤੇ ਸ਼ਹਿਰ 'ਚ ਹੋਰ ਵੱਖ-ਵੱਖ ਥਾਵਾਂ ਤੇ ਲੱਗਦੇ ਅੱਡੇ ਅਤੇ ਰੇਹੜੀਆਂ, ਅਤੇ ਸ਼ਹਿਰ ਦੀਆਂ ਮੰਡੀਆਂ ਨੂੰ ਬੰਦ ਕਰਵਾਕੇ ਆਪਣੀ ਪ੍ਰਸ਼ਾਸਨੀਕ ਕਾਰਵਾਈ ਅਮਲ 'ਚ ਲਿਆਕੇ ਸਖਤੀ ਕਰੇਗਾ। ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ।

# ਬਟਾਲਾ ਸ਼ਹਿਰ ਨੂੰ ਚਾਰਲੀ ਟੋਰਨੈਡੋ ਏਅਰ ਬਲਾਸਟਿਕ ਮਸ਼ੀਨ ਅਤੇ ਫਮੀਗੇਸ਼ਨ ਮਸ਼ੀਨਾਂ ਰਾਹੀਂ ਫੋਗਿੰਗ ਦੀ ਸਖ਼ਤ ਜ਼ਰੂਰਤ

## ਪੰਜਾਬੀ ਥੀਏਟਰ ਤੇ ਫ਼ਿਲਮੀ ਅਭਿਨੇਤਾ ਯੁਵੀ ਸਿੰਘ ਨੇ ਆਪਣੇ ਰਿਹਾਇਸ਼ੀ ਸ਼ਹਿਰ ਲਈ ਸਰਕਾਰ ਪਾਸੋਂ ਰੱਖੀਆਂ ਇਹ ਖਾਸ ਮੰਗਾਂ

**ਬਟਾਲਾ (ਰਵਿੰਦਰ ਬੁੱਟਰ ਅਤੇ ਸਿਮਰਜੀਤ ਕੌਰ)** ਬੇਸ਼ੱਕ ਕੌਵਿੱਡ-19 ਵਰਗੀ ਭਿਆਨਕ ਮਹਾਂਮਾਰੀ ਨੇ ਪਿਛਲੇ ਡੇਢ ਵਰ੍ਹੇ ਤੋਂ ਪੂਰੇ ਵਿਸ਼ਵ ਵਿੱਚ ਮਨੁੱਖ ਜਾਤੀ ਨੂੰ ਆਪਣੀ ਲਪੇਟ ਵਿੱਚ ਲੈਕੇ ਲੱਖਾਂ ਇਨਸਾਨੀ ਜ਼ਿੰਦਗੀਆਂ ਨਿਗਲ਼ ਲਈਆਂ ਹਨ ਉਥੇ ਹੀ ਹੁਣ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਹੋਰਨਾਂ ਸੰਘਣੀ ਵਸੋਂ ਵਾਲੇ ਸੂਬਿਆਂ ਵਿੱਚ ਵੀ ਕੋਰੋਨਾ ਨੇ ਆਪਣੀਆਂ ਘਾਤਕ ਰੂਪ ਵਿੱਚ ਬਦਲਦੀਆਂ ਲਹਿਰਾਂ ਨਾਲ ਇਨਸਾਨੀ ਜ਼ਿੰਦਗੀ ਵਿੱਚ ਤਰਥਲੀ ਮਚਾਈ ਹੋਈ ਹੈ ਅਤੇ ਇਹ ਤਰਥਲੀ ਪੰਜਾਬ ਦੇ ਵੀ ਕਈ ਵੱਡੇ ਸ਼ਹਿਰਾਂ ਵਿੱਚ ਮਚੀ ਹੋਈ ਹੈ ਜਿਸ ਨੂੰ ਕਾਬੂ ਕਰਨ ਲਈ ਸਰਕਾਰੀ ਅਦਾਰਿਆਂ ਤੋਂ ਇਲਾਵਾ ਪੰਜਾਬ ਦੇ ਧਾਰਮਿਕ ਖੇਤਰ ਦੇ ਅਦਾਰੇ , ਸਮਾਜਿਕ ਜਥੇਬੰਦੀਆਂ ਤੇ ਸੇਵਾਵਾਂ ਨੂੰ ਸਮਰਪਿਤ ਸੋਸਾਇਟੀਆਂ ਵੀ ਲਪੇਟ ਵਿਚ ਆਈ ਮਨੁੱਖਤਾ ਨੂੰ ਇਲਾਜ ਲਈ ਜ਼ਰੂਰੀ ਉਪਕਰਣ , ਲੰਗਰ , ਬਿਸਤਰੇ ਆਦਿ ਮੁਹੱਈਆ ਕਰਵਾਉਣ ਲਈ ਤਤਪਰ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਪੰਜਾਬੀ ਫਿਲਮੀ ਤੇ ਥੀਏਟਰ ਅਦਾਕਾਰ ਯੂਵੀ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕੀਤਾ। ਅਭਿਨੇਤਾ ਯੂਵੀ ਸਿੰਘ ਨੇ ਆਪਣੇ ਰਿਹਾਇਸ਼ੀ ਸ਼ਹਿਰ ਬਟਾਲਾ ਦੇ ਹਾਲਾਤਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ-ਸਮੱਸਿਆਵਾਂ ਬਾਰੇ ਵੀ ਅਪਣੀ ਗਹਿਰੀ ਚਿੰਤਾ ਵਿਅਕਤ ਕਰਦਿਆਂ ਪੰਜਾਬ ਸਰਕਾਰ ਤੇ ਨਗਰ ਨਿਗਮ ਬਟਾਲਾ ਕੋਲੋਂ ਬਟਾਲਾ ਵਾਸੀਆਂ ਲਈ ਮੰਗ ਕੀਤੀ ਕਿ ਤੁਰੰਤ ਸ਼ਹਿਰ ਨੂੰ ਚਾਰ ਹਿੱਸਿਆਂ ਵਿੱਚ ਵੰਡ ਕੇ ਦੋ-ਦੋ ਚਾਰਲੀ ਟੋਰਨੈਡੋ ਏਅਰ ਬਲਾਸਟਿਕ ਮਸ਼ੀਨ ਮੁਹੱਈਆ ਕਰਵਾ ਕੇ ਸੈਨੇਟਾਈਜ ਸਪਰੈਅ ਹਰ ਦੂਜੇ ਦਿਨ ਯਕੀਨੀ ਕਰਵਾਈ ਜਾਵੇ ਅਤੇ ਬਲੈਕ ਫੰਗਲ ਇਨਫੈਕਸ਼ਨ ਤੋਂ ਇਲਾਵਾ ਜਾਨਲੇਵਾ





ਮੱਛਰਾਂ-ਮੱਖੀਆਂ, ਬਰਸਾਤ ਤੋਂ ਬਾਅਦ ਪੈਦਾ ਹੋਣ ਵਾਲੀਆਂ ਘਾਤਕ ਇਨਫੈਕਸ਼ਨਾਂ ਤੋਂ ਸ਼ਹਿਰ ਵਾਸੀਆਂ ਨੂੰ ਪਰੋਟੈਕਟ ਕਰਨ ਲਈ ਡਿਸ-ਇਨਫੈਕਸ਼ਨ ਸਾਲਿਊਸ਼ਨ ਦੀ ਫਮੀਗੇਸ਼ਨ ਮਸ਼ੀਨਾਂ ਰਾਹੀਂ ਫੋਗਿੰਗ ਨੂੰ ਵੀ ਸ਼ਹਿਰ ਦੀ ਹਰ ਵਾਰਡ, ਗਲੀ-ਮੁਹੱਲੇ, ਗੰਦਗੀ ਦੇ ਢੇਰਾਂ ਅਤੇ ਖ਼ਾਸਕਰ ਸ਼ਹਿਰ ਦੀ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਯਕੀਨੀ ਕਰਵਾਉਣ ਲਈ ਯਤਨਸ਼ੀਲ ਕਾਰਜ ਕੀਤੇ ਜਾਣ। ਇਸ ਮੌਕੇ ਅਦਾਕ-ਾਰ ਯੂਵੀ ਸਿੰਘ ਨੇ ਉਨ੍ਹਾਂ ਤਮਾਮ ਸਿਹਤ ਕਰਮਚਾਰੀਆਂ, ਡਾਕਟਰਾਂ- ਨਰਸਾਂ, ਪੁਲੀਸ ਅਫ਼ਸਰਾਂ ਅਤੇ ਸਮਾਜ ਸੇਵਕਾਂ ਦੀ ਸ਼ਲਾਘਾ ਕੀਤੀ ਜੋ ਇਸ ਭਿਆਨਕ ਮਹਾਂਮਾਰੀ ਵਿੱਚ ਵੀ ਆਪਣੀਆਂ ਜਾਨਾਂ ਜ਼ੋਖਿਮ ਵਿੱਚ ਪਾ ਕੇ ਆਪਣਾ ਫ਼ਰਜ਼ ਨਿਭਾ ਰਹੇ ਹਨ ।